
FARM AND SPICE
Open 7 Days a Week
8.30 am to 9.00 pm
SPECIAL OFFERS: 03-09 MAR
Daily Specials on
ਲਸਣ
Garlic 3's
49¢ each
ਐਂਬ੍ਰੋਸੀਆ/ਗਾਲਾ ਬੀ ਸੀ ਸੇਬ
Ambrosia/Gala BC Apple
$1.29 /lb
ਸੰਤਰਾ ਨਿੱਕਾ/ਵੱਡਾ
Orange Small/Large
99¢ /lb
ਧਨੀਆ
Cilantro
50¢ each
ਆਵੋਕਾਡੋ
Avocado
89¢ each
ਸ਼ਿਮਲਾ ਮਿਰਚ
Green Pepper
$1.79 /lb
ਵੈਜੀ ਮੈਰੋ
Veggie Marrow
$1.49 /lb
ਬੀਨਜ਼
Beans
$1.99 /lb
ਜ਼ੁਕੀਨੀ
Zuchinni
99¢ /lb
ਘੀਆ
Opo Long
$1.49 /lb
ਲੈਟਿਸ ਰੋਮੇਨ
Lettuce Romaine
$1.99 each
ਐ-ਪਲਸ ਸੋਯਾ
Aplus
Soya Chunks/ Mini Chunks
200g
$1.99 each
ਬ੍ਰੋਕਲੀ
Brocolli
$1.99 /lb
ਲਾਲ/ਹਰੇ ਅੰਗੂਰ
Red/Green Grapes
$2.99 /lb
ਸਟ੍ਰਾਬੈਰੀ
Strawberry 1lb
$2.99 Pack
ਟਾਟਾ ਨਮਕ
Tata Salt
$1.99 each
ਯਮਕੀਨਜ਼ ਪਾਣੀ ਪੁਰੀ
Yamkeens
Pani Puri
360g
$4.99 each
ਬਦਾਮ
Almonds
Supreme Quality
$4.49 /lb
ਢਿੱਲੋਂ ਬਿਸਕੁਟ
Dhillon
Punjabi Biscuit
1.5lb
$5.99 each
ਬਿਕਾਨੋ ਸੂਜੀ ਰੱਸ
Bikano
Suji Rusk
600g
$3.99 each
ਟਾਟਾ ਚਾਹ
Tata Tea
Premium
220 bags
$8.99 each
ਮੋਗਰਾ ਚਾਵਲ
Mogra
Basmati Rice
10 kgs
$9.99 each
ਮੋਗਰਾ ਚਾਵਲ
Mini Mogra
Basmati Rice
10 kgs
$9.99 each
ਹੀਰ ਆਟਾ
Heer Atta
Multigrain
10lb
$10.99 each
ਨੂਰ ਚਾਵਲ
Noor
Premium Basmati
10lb
$10.99 each
ਸੈਂਚੁਰੀ ਚਾਹ
Century No. 1
Premium Tea
1kg
$11.99 each
AMUL PRODUCTS
AVAILABLE HERE
Amul
ਏ ਪੱਲਸ ਚਾਵਲ
A+Plus
Everyday Basmati Rice
5kg
$11.99 each
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
Curbside pick up available
*while supply last

# ਸਾਡੇ ਵੱਲੋਂ ਕਰਵਾਏ ਕਾਰਜਾਂ ਨੂੰ ਵੇਖਦਿਆਂ ਹੀ ਸੰਗਤ ਕਰੇਗੀ ਫੈਸਲਾ:ਜਤਿੰਦਰ ਸਿੰਘ ਗਿੱਲ

## ਗੁਰੂਘਰ ਦੀ ਇਮਾਰਤ ਉਪਰ ਨਵੇਂ ਗੁੰਬਦ ਸਥਾਪਿਤ:ਵਿਰੋਧੀ ਧਿਰ ਦੇ ਝੂਠੇ ਪ੍ਰਚਾਰ ਦਾ ਖੰਡਨ





ਐਬਟਸਫੋਰਡ- ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੀ ਪ੍ਰਬੰਧਕੀ ਕਮੇਟੀ ਦੀ ਚੋਣ ਵਿਚ ਪ੍ਰਧਾਨਗੀ ਲਈ ਮੁੜ ਦਾਅਵੇਦਾਰ ਸ ਜਤਿੰਦਰ ਸਿੰਘ ਹੈਪੀ ਗਿੱਲ ਤੇ ਉਹਨਾਂ ਦੀ ਸਲੇਟ ਵਲੋ ਆਰੰਭੀ ਚੋਣ ਮੁਹਿੰਮ ਦੌਰਾਨ ਸੰਗਤਾਂ ਵਲੋ ਭਰਵਾਂ ਹੁੰਗਾਰਾ ਮਿਲਣ ਦਾ ਦਾਅਵਾ ਕਰਦਿਆਂ ਵਿਰੋਧੀ ਧਿਰ ਵਲੋਂ ਕੀਤੇ ਜਾ ਰਹੇ ਝੂਠ ਪ੍ਰਚਾਰ ਦੀ ਨਿੰਦਾ ਕੀਤੀ ਹੈ। ਇਥੇ ਜਾਰੀ ਇਕ ਬਿਆਨ ਵਿਚ ਉਹਨਾਂ ਕਿਹਾ ਕਿ ਹੁਣ ਤੱਕ ਜੋ ਵੀ ਗੁਰੂ ਘਰ ਦੇ ਕਾਰਜ ਮੁਕੰਮਲ ਕਰਵਾਏ ਗਏ ਹਨ , ਉਹ ਸੰਗਤਾਂ ਦੇ ਸਾਹਮਣੇ ਹਨ। ਬੀਤੇ ਦਿਨ ਉਹਨਾਂ ਦੀ ਅਗਵਾਈ ਹੇਠ ਗੁਰੂ ਘਰ ਦੀ ਇਮਾਰਤ ਉਪਰ ਇੰਡੀਆ ਤੋ ਮੰਗਵਾਏ ਗਏ ਖੂਬਸੂਰਤ ਗੁੰਬਦ ਸਥਾਪਿਤ ਕਰਨ ਦੀ ਸੇਵਾ ਆਰੰਭੀ ਗਈ ਹੈ। ਇਹਨਾਂ ਸੁੰਦਰ ਗੁੰਬਦਾਂ ਦੀ ਸਥਾਪਨਾ ਨਾਲ ਗੁਰੂ ਘਰ ਦੀ ਖਾਲਸਾਈ ਸ਼ਾਨ ਨਾਲ ਸੰਗਤਾਂ ਵਲੋ ਭਾਰੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਉਹਨਾਂ ਹੋਰ ਕਿਹਾ ਕਿ ਰਸੋਈ ਘਰ ਵਿਚ ਰੋਟੀਆਂ ਪਕਾਉਣ ਵਾਲੀ ਮਸ਼ੀਨ ਲਗਾਉਣ, ਬਰਤਨ ਸਾਫ ਕਰਨ ਵਾਲੀ ਮਸ਼ੀਨ ਲਗਵਾਉਣ ਤੇ ਗੁਰੂ ਘਰ ਦੀ ਸੁੰਦਰਤਾ ਵਧਾਉਣ ਲਈ ਹੋਰ ਕਈ ਕਾਰਜ ਆਰੰਭ ਕੀਤੇ ਜਾ ਰਹੇ ਹਨ।ਉਹਨਾਂ ਨਵੀ ਕਮੇਟੀ ਚੁਣੇ ਜਾਣ ਦੀ ਸੂਰਤ ਵਿਚ ਗੁਰਦੁਆਰਾ ਸਾਹਿਬ ਵਿਚ ਗਰੰਥੀ ਸਿੰਘਾਂ ਲਈ ਰਿਹਾਇਸ਼, ਬਜੁਰਗਾਂ ਲਈ ਸੀਨੀਅਰ ਸੈਂਟਰ ਬਣਾਉਣ, ਕਿਚਨ ਦੀ ਰੈਨੋਵੇਸਨ, ਬੱਚਿਆਂ ਲਈ ਪੰਜਾਬੀ ਭਾਸ਼ਾ, ਗੁਰਬਾਣੀ ਤੇ ਕੀਰਤਨ ਦੀਆਂ ਫਰੀ ਕਲਾਸਾਂ ਸ਼ੁਰੂ ਕਰਨ, ਗੁਰੂ ਸਾਹਿਬ ਦੀ ਸਵਾਰੀ ਲਿਜਾਣ ਲਈ ਨਵੀਂ ਗੱਡੀ ਖਰੀਦਣ ਤੇ ਗੁਰਦੁਆਰਾ ਸਾਹਿਬ ਦੀ ਲੈਂਡ ਸਕੇਪਿੰਗ ਕਰਵਾਉਣ ਦੇ ਵਾਅਦੇ ਕੀਤੇ ਹਨ।ਉਹਨਾਂ ਚੋਣ ਮੁਹਿੰਮ ਦੌਰਾਨ ਵਿਰੋਧੀ ਸਲੇਟ ਵਲੋਂ ਗੁਰੂ ਘਰ ਤੋ ਉਹਨਾਂ ਦੀ ਅਗਵਾਈ ਵਾਲੀ ਕਮੇਟੀ ਦੁਆਰਾ ਕਰਜਾ ਉਤਾਰੇ ਜਾਣ ਨੂੰ ਗੁੰਮਰਾਹਕੁੰਨ ਪ੍ਰਚਾਰ ਕਹੇ ਜਾਣ ਦੀ ਨਿੰਦਾ ਕਰਦਿਆਂ ਕਿਹਾ ਕਿ ਉਹਨਾਂ ਪਾਸ ਇਸਦੇ ਸਾਰੇ ਵੇਰਵੇ ਮੌਜੂਦ ਹਨ ਜੋ ਸੰਗਤਾਂ ਕਿਸੇ ਵੇਲੇ ਵੀ ਗੁਰੂ ਘਰ ਆਕੇ ਚੈਕ ਕਰ ਸਕਦੀਆਂ ਹਨ।ਉਹਨਾਂ ਦੀ ਅਗਵਾਈ ਵਾਲੀ ਟੀਮ ਨੇ ਪਿਛਲੇ ਸਮੇਂ ਦੌਰਾਨ ਸੰਗਤ ਤੋ ਡੋਨੇਸ਼ਨ ਦੇ ਰੂਪ ਵਿਚ ਲੱਖਾਂ ਡਾਲਰ ਇਕੱਠੇ ਕੀਤੇ ਜਿਹਨਾਂ ਦਾ ਵੇਰਵਾ ਮੌਜੂਦ ਹੈ। ਗੁਰੂ ਘਰ ਦੇ ਕੰਮਾਂ ਲਈ ਕਿਸੇ ਕੰਪਨੀ ਜਾਂ ਟਰੇਡਮੈਨ ਨੂੰ ਕੰਟਰੈਕਟ ਨਹੀ ਦਿੱਤਾ ਗਿਆ ਬਲਕਿ ਵਲੰਟੀਅਰ ਜੋ ਕਿ ਖੁਦ ਟਰੇਡਮੈਨ ਹਨ ਨੇ , ਸੇਵਾ ਵਜੋ ਸਾਰੇ ਕੰਮ ਨੇਪਰੇ ਚਾੜੇ ਹਨ। ਜਿਸ ਕਾਰਣ ਗੁਰੂ ਘਰ ਦੇ ਹਜ਼ਾਰਾਂ ਡਾਲਰ ਬਚਾਏ ਗਏ ਹਨ। ਇਹੀ ਕਾਰਣ ਹੈ ਕਿ ਮੌਜੂਦਾ ਕਮੇਟੀ 12 ਲੱਖ ਡਾਲਰ ਦਾ ਕਰਜਾ ਉਤਾਰਨ ਅਤੇ 1 ਲੱਖ 30 ਹਜ਼ਾਰ ਡਾਲਰ ਬੈਂਕ ਬੈਲੈਂਸ ਬਣਾਉਣ ਵਿਚ ਸਫਲ ਰਹੀ ਹੈ।ਉਹਨਾਂ ਕਮੇਟੀ ਦੀ ਕਨੂੰਨੀ ਲੜਾਈ ਉਪਰ ਲੱਖਾਂ ਡਾਲਰ ਖਰਚੇ ਜਾਣ ਦੇ ਦੋਸ਼ਾਂ ਦਾ ਵੀ ਖੰਡਨ ਕੀਤਾ ਹੈ। ਉਹਨਾਂ ਕਿਹਾ ਕਿ ਉਹ ਤਾਂ ਹੁਣ ਵਾਲੀ ਚੋਣ ਉਪਰ ਵੀ ਹੋਣ ਵਾਲਾ ਖਰਚਾ ਬਚਾਉਣ ਲਈ ਸਹਿਮਤੀ ਨਾਲ ਨਵੀ ਚੋਣ ਕਰਵਾਉਣ ਦੀ ਪੇਸ਼ਕਸ਼ ਕੀਤੀ ਸੀ ਪਰ ਵਿਰੋਧੀ ਧਿਰ ਨੇ ਆਪਣੀ ਜਿਦ ਪੁਗਾਉਣ ਲਈ ਉਹਨਾਂ ਦੀ ਹਰ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਉਹਨਾਂ ਹੋਰ ਕਿਹਾ ਕਿ ਹੁਣ ਵਿਰੋਧੀ ਧਿਰ ਵਲੋ ਜਬਰੀ ਥੋਪੀ ਗਈ ਇਲੈਕਸ਼ਨ ਵਿਚ ਠੀਕ-ਗਲਤ ਦਾ ਫੈਸਲਾ ਸੰਗਤ ਹੀ ਕਰੇਗੀ ਜਿਸ ਲਈ ਉਹਨਾਂ ਨੂੰ ਗੁਰੂ ਮਹਾਰਾਜ ਉਪਰ ਪੂਰਨ ਭਰੋਸਾ ਹੈ।

# ਮੌਜੂਦਾ ਕਮੇਟੀ ਵੱਲੋਂ ਗੁਰੂਘਰ ਦਾ ਕਰਜਾ ਉਤਾਰਨ ਦਾ ਬਿਆਨ ਗੁੰਮਰਾਹਕੁਨ:ਮਨਿੰਦਰ ਸਿੰਘ ਗਿੱਲ



ਐਬਟਸਫੋਰਡ-ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੀ ਪ੍ਰਬੰਧਕੀ ਕਮੇਟੀ ਦੀ 5 ਮਾਰਚ ਨੂੰ ਹੋਣ ਜਾ ਰਹੀ ਚੋਣ ਲਈ ਸਰਬ ਸਾਂਝੀ ਸਲੇਟ ਦੇ ਪ੍ਰਧਾਨਗੀ ਲਈ ਕੈਨੇਡੀਅਨ ਜੰਮਪਲ ਅਤੇ ਪੜੇ ਲਿਖੇ ਗੁਰਸਿੱਖ ਉਮੀਦਵਾਰ ਸ ਮਨਿੰਦਰ ਸਿੰਘ ਗਿੱਲ ਵਲੋਂ ਹੋਰ ਉਮੀਦਵਾਰਾਂ ਤੇ ਵਲੰਟੀਅਰਾਂ ਨਾਲ ਆਪਣੀ ਪ੍ਰਚਾਰ ਮੁਹਿੰਮ ਨੂੰ ਭਖਾਇਆ ਜਾ ਰਿਹਾ ਹੈ। ਉਹਨਾਂ ਵਲੋ ਆਪਣੀ ਟੀਮ ਲਈ ਵੱਧ ਤੋ ਵੱਧ ਵੋਟਾਂ ਦੀ ਅਪੀਲ ਕਰਦਿਆਂ ਮੌਜੂਦਾ ਕਮੇਟੀ ਦੇ ਕੰਮਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਇਥੇ ਜਾਰੀ ਇਕ ਬਿਆਨ ਵਿਚ ਮਨਿੰਦਰ ਸਿੰਘ ਗਿੱਲ ਤੇ ਸਲੇਟ ਦੇ ਹੋਰ ਉਮੀਦਵਾਰਾਂ ਨੇ ਜਤਿੰਦਰ ਸਿੰਘ ਗਿੱਲ ਦੀ ਅਗਵਾਈ ਵਾਲੀ ਕਮੇਟੀ ਉਪਰ ਸੰਵਿਧਾਨ ਦੀ ਉਲੰਘਣਾ ਦੇ ਦੋਸ਼ ਲਗਾਉਂਦਿਆਂ ਕਿਹਾ ਇਸ ਚੋਣ ਵਿਚ ਸੁਸਾਇਟੀ ਦੇ ਸੰਵਿਧਾਨ ਦੀ ਰੱਖਿਆ ਕਰਨਾ ਸਭ ਤੋ ਅਹਿਮ ਹੈ।ਉਹਨਾਂ ਵਿਰੋਧੀ ਸਲੇਟ ਵਲੋ ਸੁਸਾਇਟੀ ਸਿਰ 12 ਲੱਖ ਡਾਲਰ ਦਾ ਕਰਜਾ ਉਤਾਰਨ ਅਤੇ ਬੈਂਕ ਬੈਲੈਂਸ ਬਣਾਉਣ ਦੇ ਦਾਅਵੇ ਨੂੰ ਖਾਰਜ ਕਰਦਿਆਂ ਕਿਹਾ ਹੈ ਕਿ ਇਹ ਕਰਜਾ ਕੇਵਲ 5 ਲੱਖ 37 ਹਜ਼ਾਰ ਸੀ ਜੋ ਜੁਲਾਈ 2017 ਵਿਚ ਪੇਅ ਆਫ ਹੋਣਾ ਸੀ। ਲਾਈਨ ਆਫ ਕਰੈਡਿਟ ਉਪਰ ਲਏ ਗਏ ਢਾਈ ਲੱਖ ਡਾਲਰ ਦੇ ਕਰਜੇ ਬਾਰੇ ਗਲਤ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਜੋ ਕਿ ਸੰਗਤ ਦੀ ਸਹਿਮਤੀ ਤੋ ਬਿਨਾ ਉਠਾਏ ਗਏ ਸਨ। ਉਹਨਾਂ ਮੌਜੂਦਾ ਕਮੇਟੀ ਉਪਰ 2012 ਤੋ 2021 ਤੱਕ ਕਮੇਟੀ ਵਿਵਾਦ ਕਾਰਣ ਵਕੀਲਾਂ ਦੀਆਂ ਫੀਸਾਂ ਉਪਰ 7, 78,296 ਡਾਲਰ ਨਾਜਾਇਜ਼ ਖਰਚੇ ਜਾਣ ਦੇ ਵੀ ਦੋਸ਼ ਲਗਾਏ। ਉਹਨਾਂ ਕਿਹਾ ਕਿ ਕਨੂੰਨੀ ਲੜਾਈ ਉਪਰ ਸੰਗਤ ਦਾ ਪੈਸਾ ਵਰਤਿਆ ਗਿਆ ਜਦੋਂਕਿ ਪਿਛਲੀ ਚੋਣ ਦੌਰਾਨ ਉਹਨਾਂ ਕਨੂੰਨੀ ਲੜਾਈ ਦਾ ਖਰਚਾ ਆਪਣੀਆਂ ਜੇਬਾਂ ਚੋ ਕਰਨ ਦਾ ਵਾਅਦਾ ਕੀਤਾ ਸੀ।ਇਸੇ ਦੌਰਾਨ ਮਨਿੰਦਰ ਸਿੰਘ ਗਿੱਲ ਨੇ ਕਿਹਾ ਹੈ ਕਿ ਅਗਰ ਸੰਗਤਾਂ ਉਹਨਾਂ ਦੀ ਸਲੇਟ ਨੂੰ ਸੇਵਾ ਦਾ ਮੌਕਾ ਦਿੰਦੀਆਂ ਹਨ ਤਾਂ ਜਿਥੇ ਸਾਰੇ ਕੰਮ ਸੰਵਿਧਾਨ ਮੁਤਾਬਿਕ ਕੀਤੇ ਜਾਣਗੇ ਉਥੇ ਉਹ ਇਹ ਵੀ ਵਾਅਦਾ ਕਰਦੇ ਹਨ ਕਿ ਪ੍ਰਧਾਨ ਅਤੇ ਮੀਤ ਪ੍ਰਧਾਨ ਸਿਰਫ ਇਕ ਟਰਮ ਹੀ ਸੇਵਾ ਨਿਭਾਉਣਗੇ ਉਪਰੰਤ ਹੋਰਾਂ ਨੂੰ ਸੇਵਾ ਦਾ ਮੌਕਾ ਦਿੱਤਾ ਜਾਵੇਗਾ।ਉਹਨਾਂ ਆਪਣੀ ਸਲੇਟ ਵਿਚ ਔਰਤਾਂ ਨੂੰ ਬਰਾਬਰ ਦੀ ਪ੍ਰਤੀਨਿਧਤਾ ਦੇਣ ਦੀ ਗੱਲ ਕਰਦਿਆਂ ਸਰਬ ਸਾਂਝੀ ਸਲੇਟ ਨੂੰ ਵੱਧ ਤੋ ਵੱਧ ਵੋਟਾਂ ਪਾਕੇ ਜਿਤਾਉਣ ਤੇ ਸਾਫ ਸੁਥਰਾ ਪ੍ਰਬੰਧ ਲਿਆਉਣ ਲਈ ਸਹਿਯੋਗ ਦੀ ਅਪੀਲ ਕੀਤੀ ਹੈ।ਇਸ ਮੌਕੇ ਸਰਬ ਸਾਂਝੀ ਸਲੇਟ ਦੇ ਉਮੀਦਵਾਰ, ਵਲੰਟੀਅਰ ਅਤੇ ਸਮਰਥਕ ਹਾਜ਼ਰ ਸਨ।

# ਹਿੰਦੂ ਮਹਾਸਭਾ ਨੇ ਨੋਟਾਂ ‘ਤੇ ਸਥਾਨ ਸਾਵਰਕਰ ਦੀ ਤਸਵੀਰ ਲਗਾਉਣ ਦੀ ਮੰਗ

ਨਵੀਂ ਦਿੱਲੀ:ਅਖਿਲ ਭਾਰਤੀ ਹਿੰਦੂ ਮਹਾਸਭਾ ਨੇ ਮੰਗ ਕੀਤੀ ਹੈ ਕਿ ਭਾਰਤੀ ਨੋਟਾਂ ‘ਤੇ ਗਾਂਧੀ ਦੀ ਤਸਵੀਰ ਦੀ ਜਗ੍ਹਾ ‘ਤੇ ਵਿਨਾਇਕ ਦਾਮੋਦਰ ਸਾਵਰਕਰ ਅਤੇ ਹੋਰ ਆਜ਼ਾਦ ਸੈਨਾਵਾਂ ਦੀ ਤਸਵੀਰ ਲਗਾਈ ਜਾਵੇ।ਮਹਾਸਭਾ ਦੇ ਨੇਤਾਵਾਂ ਨੇ ਕਿਹਾ ਕਿ ਇਹ ਮੋਦੀ ਸਰਕਾਰ ਵੱਲੋਂ ਆਜ਼ਾਦ ਸੈਨਾ ਅਤੇ ਹਿੰਦੂ ਮਹਾਸਭਾ ਦੇ ਸਾਬਕਾ ਪ੍ਰਧਾਨ ਸਾਵਰਕਰ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਦਿੱਲੀ ਸਥਿਤ ਸ਼ਾਰਦਾ ਰੋਡ ਸਥਿਤ ਅਖਿਲ ਭਾਰਤ ਹਿੰਦੂ ਮਹਾਸਭਾ ਦੇ ਦਫਤਰ ਵਿਧੀ-ਵਿਧਾਨ ਨਾਲਹਵਨ ਪੂਜਾ ਅਤੇ ਸੇਵਰਕਰ ਦੀ 58ਵੀਂ ਪੁਣਜਤਿਥੀ ਮਨਾਨੀ ਗਈ।ਪ੍ਰੋਗਰਾਮ ਦੇ ਅਯੋਜਕ ਹਿੰਦੂ ਮਹਾਸਭਾ ਦੇ ਰਾਸ਼ਟਰੀ ਕੌਂਸਲ ਪੰਡਿਤ ਅਸ਼ੋਕ ਸ਼ਰਮਾ ਨੇ ਕਿਹਾ ਕਿ ਸਾਵਰਕਰ ਭਾਰਤ ਦੇ ਆਜ਼ਾਦ ਸੰਗ੍ਰਾਮ ਦੇ ਇੱਕ ਮਹਾਨ ਇਤਿਹਾਸਕ ਇਨਕਲਾਬੀ ਸਨ।







# ਬਾਦਲ ਪਿਓ-ਪੁੱਤ ਤੇ ਸੈਣੀ ਨੂੰ ਗ੍ਰਿਫਤਾਰ ਕੀਤਾ ਜਾਵੇ:ਫ਼ੈਡਰੇਸ਼ਨ ਭਿੰਡਰਾਂਵਾਲਾ

ਅੰਮ੍ਰਿਤਸਰ:ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਇਨਸਾਫ਼ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚੇ ਵਿੱਚ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸਟੇਜ ‘ਤੇ ਜੋਸ਼ੀਲੀ ਤਕਰੀਰ ਕਰਦਿਆਂ ਕਿਹਾ ਕਿ ਬਰਗਾੜੀ, ਬਹਿਬਲ ਅਤੇ ਕੋਟਕਪੂਰਾ ਕਾਂਡ ਦੇ ਮੁੱਖ ਦੋਸ਼ੀ ਅਤੇ ਸਾਜਿਸ਼ਘਾੜੇ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬੁੱਚੜ ਸੁਮੇਧ ਸੈਣੀ, ਚਰਨਜੀਤ ਸ਼ਰਮਾ, ਪਰਮਰਾਜ ਉਮਰਾਨੰਗਲ ਤੇ ਹੋਰਾਂ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਉਹਨਾਂ ਕਿਹਾ ਕਿ ਬਾਦਲਾਂ ਨੇ ਆਪਣੇ ਰਾਜ ਵਿੱਚ ਡੇਰਾ ਸਿਰਸਾ ਦੀ ਪੁਸ਼ਤ-ਪਨਾਹੀ ਕੀਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਬਚਾਇਆ, ਬੇਅਦਬੀ ਦਾ ਇਨਸਾਫ ਮੰਗ ਰਹੀਆਂ ਅਤੇ ਸਤਿਨਾਮ ਵਾਹਿਗੁਰੂ ਦਾ ਜਾਪ ਕਰ ਰਹੀਆਂ ਸੰਗਤਾਂ ‘ਤੇ ਲਾਠੀਚਾਰਜ ਕਰਕੇ ਅਨੇਕਾਂ ਨੂੰ ਜਖ਼ਮੀ ਕੀਤਾ, ਗੋ਼ਲੀਆਂ ਚਲਾ ਕੇ ਦੋ ਸਿੰਘਾਂ ਨੂੰ ਸ਼ਹੀਦ ਕੀਤਾ। ਉਹਨਾਂ ਕਿਹਾ ਕਿ ਉਸ ਸਮੇਂ ਬਾਦਲਾਂ ‘ਚ ਜ਼ਕਰੀਆ ਖਾਂ ਤੇ ਬੇਅੰਤ ਬੁੱਚੜ ਦੀ ਰੂਹ ਪ੍ਰਵੇਸ਼ ਕਰ ਚੁੱਕੀ ਸੀ। ਬਾਦਲਕੇ ਅਬਦਾਲੀ ਅਤੇ ਬਾਬਰ ਨਾਲੋਂ ਘੱਟ ਨਹੀਂ ਹਨ। ਉਹਨਾਂ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਵੀ ਅਪੀਲ ਕੀਤੀ ਕਿ ਬਾਦਲ ਟੱਬਰ ਅਜਿਹਾ ਚਿੱਕੜ ਹੈ ਜਿਹੜਾ ਇਹਨਾਂ ‘ਚ ਵੜੇਗਾ, ਓਹ ਬੁਰੀ ਤਰ੍ਹਾਂ ਲਿੱਬੜ ਜਾਏਗਾ। ਤੁਹਾਡੀ ਬਹੁਤ ਵੱਡੀ ਕੁਰਬਾਨੀ ਹੈ, ਤੁਸੀਂ ਆਪਣੀ ਸ਼ਾਨ ਤੇ ਸਤਿਕਾਰ ਬਰਕਰਾਰ ਰੱਖੋ, ਅਸੀਂ ਕਦੇ ਵੀ ਤੁਹਾਡਾ ਦੇਣ ਨਹੀਂ ਦੇ ਸਕਦੇ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਜਿਵੇਂ ਜੂਨ ਅਤੇ ਨਵੰਬਰ 1984 ਕਾਂਗਰਸ ‘ਤੇ ਕਲੰਕ ਹੈ ਓਵੇਂ ਹੀ ਬਰਗਾੜੀ, ਬਹਿਬਲ ਤੇ ਕੋਟਕਪੂਰਾ ਕਾਂਡ ਬਾਦਲਾਂ ‘ਤੇ ਕਲੰਕ ਹੈ ਜੋ ਕਦੇ ਨਹੀਂ ਮਿਟਣਾ। ਉਹਨਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਸਿੱਖਾਂ ਦੀ ਹਿਤੈਸ਼ੀ ਹੋਣ ਦਾ ਡਰਾਮਾ ਕਰ ਰਹੀ ਹੈ। ਕਾਂਗਰਸ ਨੇ ਸਿੱਖਾਂ ਨੂੰ ਸਰੀਰਕ ਰੂਪ ਵਿੱਚ ਮਾਰਿਆ ਤੇ ਭਾਜਪਾ ਸਿੱਖ ਸਿਧਾਂਤ ਖ਼ਤਮ ਕਰ ਰਹੀ ਹੈ। ਉਹਨਾਂ ਕਿਹਾ ਕਿ ਬਾਦਲਾਂ ਨੇ ਅਕਾਲੀ ਦਲ ਨੂੰ ਬੇਅਦਬੀ ਦਲ ਬਣਾ ਧਰਿਆ ਹੈ। ਹੁਣ ਬਾਦਲਕੇ ਅਕਾਲੀ ਸ਼ਬਦ ਵਰਤਣ ਦੇ ਹੱਕਦਾਰ ਨਹੀਂ ਰਹੇ। ਉਹਨਾਂ ਕਿਹਾ ਕਿ ਬਾਦਲਕੇ ਅਤੇ ਭਾਜਪਾ ਵਾਲੇ ਬੇਅਦਬੀਆਂ ਨੂੰ ਬੜਾਵਾ ਦੇ ਰਹੇ ਹਨ। ਜ਼ਿਕਰਯੋਗ ਹੈ ਕਿ ਕੋਟਕਪੂਰਾ ਗੋ਼ਲੀਬਾਰੀ ਮਾਮਲੇ ‘ਚ ਏ.ਡੀ.ਜੀ.ਪੀ. ਐਲ.ਕੇ. ਯਾਦਵ ਦੀ ਅਗਵਾਈ ਵਾਲੀ ਸਿੱਟ ਨੇ ਚਲਾਨ ਪੇਸ਼ ਕੀਤਾ ਹੈ ਤੇ ਸਿੱਟ ਵੱਲੋਂ ਚਾਰਜਸ਼ੀਟ ਫ਼ਰੀਦਕੋਰਟ ਅਦਾਲਤ ਵਿੱਚ ਦਾਇਰ ਕੀਤੀ ਗਈ ਜਿਸ ਵਿੱਚ ਸਿੱਟ ਨੇ ਇਸ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਉਮਰਾਨੰਗਲ ਤੋਂ ਇਲਾਵਾ ਡੀ.ਆਈ.ਜੀ. ਅਮਰ ਸਿੰਘ ਚਾਹਲ, ਐਸ.ਐਸ.ਪੀ ਸੁਖਮੰਦਰ ਸਿੰਘ ਮਾਨ, ਐਸ.ਐਸ.ਪੀ. ਚਰਨਜੀਤ ਸਿੰਘ ਅਤੇ ਐਸ.ਐਚ.ਓ ਗੁਰਦੀਪ ਸਿੰਘ ਪੰਧੇਰ ਨੂੰ ਵੀ ਮੁਲਜ਼ਮ ਕਰਾਰ ਦਿੱਤਾ ਹੈ।



# ਬ੍ਰਿਸਬੇਨ ’ਚ ਭਾਰਤੀ ਆਨਰੇਰੀ ਕੌਂਸਲੇਟ ਨੂੰ ਖਾਲਿਸਤਾਨੀ ਸਮਰਥਕਾਂ ਨੇ ਬਣਾਇਆ ਨਿਸ਼ਾਨਾ

ਮੈਲਬਰਨ:-ਆਸਟਰੇਲੀਆ ਦੇ ਬ੍ਰਿਸਬੇਨ ਸ਼ਹਿਰ ’ਚ ਆਨਰੇਰੀ ਕੌਂਸੁਲੇਟ ਨੂੰ ਖਾਲਿਸਤਾਨੀ ਸਮਰਥਕਾਂ ਨੇ ਨਿਸ਼ਾਨਾ ਬਣਾਉਂਦਿਆਂ ਉਥੇ ਦਫ਼ਤਰ ’ਤੇ ਖਾਲਿਸਤਾਨ ਦਾ ਝੰਡਾ ਲਗਾ ਦਿੱਤਾ।

ਇਹ ਘਟਨਾ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਵੱਲੋਂ ਦੇਸ਼ ਦਾ ਦੌਰਾ ਕੀਤੇ ਜਾਣ ਅਤੇ ਆਸਟਰੇਲੀਆ ’ਚ ਭਾਰਤੀ ਫਿਰਕੇ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਕੱਟੜਪੰਥੀ ਸਰਗਰਮੀਆਂ ਖ਼ਿਲਾਫ਼ ਨਿਗਰਾਨੀ ਰੱਖੇ ਜਾਣ ਦੀ ਲੋੜ ’ਤੇ ਜ਼ੋਰ ਦਿੱਤੇ ਜਾਣ ਦੇ ਕੁਝ ਦਿਨ ਬਾਅਦ ਹੋਈ ਹੈ।

‘ਦਿ ਆਸਟਰੇਲੀਆ ਟੂਡੇ’ ਪੋਰਟਲ ਮੁਤਾਬਕ ਬ੍ਰਿਸਬੇਨ ਦੇ ਟਾਰਿੰਗਾ ਉਪ ਨਗਰ ’ਚ ਸਵਾਨ ਰੋਡ ਸਥਿਤ ਭਾਰਤੀ ਆਨਰੇਰੀ ਕੌਂਸੁਲੇਟ ਨੂੰ 21 ਫਰਵਰੀ ਦੀ ਰਾਤ ਖਾਲਿਸਤਾਨੀ ਸਮਰਥਕਾਂ ਵੱਲੋਂ ਨਿਸ਼ਾਨਾ ਬਣਾਇਆ ਗਿਆ। ਰਿਪੋਰਟ ’ਚ ਕਿਹਾ ਗਿਆ ਹੈ ਕਿ ਬ੍ਰਿਸਬੇਨ ’ਚ ਭਾਰਤ ਦੀ ਆਨਰੇਰੀ ਕੌਂਸੁਲ ਆਫ਼ ਇੰਡੀਆ ਅਰਚਨਾ ਸਿੰਘ ਨੇ 22 ਫਰਵਰੀ ਨੂੰ ਦਫ਼ਤਰ ’ਚ ਖਾਲਿਸਤਾਨ ਦਾ ਝੰਡਾ ਲੱਗਾ ਦੇਖਿਆ। ਉਨ੍ਹਾਂ ‘ਦਿ ਆਸਟਰੇਲੀਆ ਟੂਡੇ’ ਨੂੰ ਦੱਸਿਆ, ‘‘ਪੁਲੀਸ ਸਾਨੂੰ ਸੁਰੱਖਿਅਤ ਰੱਖਣ ਲਈ ਇਲਾਕੇ ’ਤੇ ਨਜ਼ਰ ਰੱਖ ਰਹੀ ਹੈ।

## (ਮੁੱਖ ਪੰਨੇ ਦੀ ਬਾਕੀ)

ਦੱਬੇ-ਕੁਚਲਿਆਂ ਦੀ ਅਸਲੀ ਆਵਾਜ਼ ਪੰਜਾਬੀ ਸਿੱਖ ਹਨ, ਭਾਵੇਂ ਉਹ ਵਿਸ਼ਵ ਦੇ ਕਿਸੇ ਭੀ ਦੇਸ਼ ਵਿਚ ਰਹਿੰਦੇ ਹੋਣ ਅਤੇ ਇਹ ਗੱਲ ਭਾਰਤੀ ਹਾਕਮਾਂ ਨੂੰ ਗਵਾਰਾ ਨਹੀਂ। ਹੁਣ ਬੀ.ਬੀ.ਸੀ. ਦੀ ਦੋ ਕਿਸ਼ਤਾਂ ਵਾਲੀ ਫਿਲਮ ਨੇ 2002 ਦੇ ਮੋਦੀ ਦੇ ਗੁਜਰਾਤ ਦੀਆਂ ਅਸਲੀ, ਠੋਸ ਤਸਵੀਰਾਂ ਤੇ ਅਮਲ ਵਿਚ ਵਾਪਰ ਰਹੇ ਬਿਰਤਾਂਤ ਵਿਖਾ ਦਿਤੇ ਤੇ ਭਾਰਤੀ ਆਗੂ ਆਖਦੇ ਹਨ ਕਿ ਇਹ ਝੂਠ ਹੈ।ਬੀ.ਬੀ.ਸੀ. ਦੇ ਭਾਰਤੀ ਦਫਤਰਾਂ ਉਪਰ ਛਾਪੇ ਮਾਰੇ ਗਏ ਹਨ, ਜਿਨ੍ਹਾਂ ਨੂੰ ਭਾਰਤੀ ‘ਐਡੀਟਰਜ਼ ਗਿਲਡ’ ਤੇ ‘ਪ੍ਰੈੱਸ ਕਲੱਬ’ ਨੇ ਵੀ ਭੰਡਿਆ ਕਿ ਇਹ ਸਭ ਕੁੱਝ ਪ੍ਰੈੱਸ ਦੀ ਆਜ਼ਾਦੀ ਉਪਰ ਹਮਲਾ ਹੈ। ਤਾਨਾਸ਼ਾਹ ਅਜਿਹੇ ਬਿਆਂਨਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ ਹੁੰਦੇ। ਛਾਪੇ ਮਾਰਨ ਨੂੰ ਸਰਵੇਖਣ ਦਾ ਨਾਮ ਦਿੱਤਾ।

ਦਿੱਲੀ ਵਿਖੇ ਕਿਸਾਨ ਮੋਰਚੇ ਦੇ ਦੌਰਾਨ ਭੀ ਸਿੱਖਾਂ ਨੂੰ ਖਾਲਿਸਤਾਨੀ, ਦੇਸ਼ ਧਰੋਹੀ ਆਦਿ ਕਿਹਾ ਸੀ, ਜੋ ਸਿੱਖਾਂ ਨੂੰ ਬਦਨਾਮ ਕਰਨ ਦਾ ਹੀ ਜ਼ਰੀਆ ਸੀ। ਪਰ ਇਹ ਲੇਬਲ ਕਾਟ ਨਹੀਂ ਕਰੇਗਾ। ਦੇਸ਼ ਦੇ ਆਜ਼ਾਦੀ ਲਈ ਸਭ ਤੋਂ ਕਿਤੇ ਵੱਧ ਕੁਰਬਾਨੀਆਂ ਕਰਨ ਵਾਲੇ ਸਿੱਖਾਂ ਦਾ ਸਭ ਨੂੰ ਪਤਾ ਲੱਗ ਗਿਆ ਹੈ। ਭਾਰਤੀ ਹਾਕਮਾਂ ਨੂੰ ਪਤਾ ਹੈ ਕਿ ਭਾਰਤ ਵਿਚ ਤਾਂ ਸਿੱਖਾਂ ਨੂੰ ਡਰਾਇਆ ਜਾ ਸਕਦਾ ਹੈ, ਜੇਲ੍ਹਾਂ ਵਿਚ ਬੰਦ ਕੀਤਾ ਜਾ ਸਕਦਾ ਤੇ ਪੰਜਾਬ ਦੇ ਹਾਲਾਤ ਭੀ ਕਈ ਢੰਗਾਂ ਨਾਲ ਵਿਗਾੜ ਸਕਦੇ ਹਨ। ਪਰ ਵਿਦੇਸ਼ੀ ਸਿੱਖ ਤਾਂ ਆਪਣੀ ਅਮਨ ਦੀ ਲਹਿਰ ਤੇ ਗਤੀਵਿਧੀਆਂ ਨਾਲ ਇਸ ਭਾਰਤੀ ਸਰਕਾਰ ਦਾ ਹਰ ਪੱਖ ਤੋਂ ਅਸਲੀ ਚਿਹਰਾ ਯੂ.ਐੱਨ.ਓ. ਤੇ ਵਿਸ਼ਵ ਪੱਧਰ ਉਪਰ ਲਗਾਤਾਰ ਪੇਸ਼ ਕਰਨ ਲੱਗ ਜਾਣਗੇ। ਸੋ ਸਿੱਖਾਂ ਦੇ ਸ਼ਾਂਤਮਈ ਢੰਗ ਦੀ ਕਾਰਜਸ਼ੈਲੀ ਨੂੰ ‘‘ਦੇਸ਼ ਤੋੜੂ, ਅੱਤਵਾਦੀ, ਹਿੰਸਕ, ਖਾਲਿਸਤਾਨੀ ਆਦਿ ਆਖ ਕੇ ਖੁੰਡਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਹੁਣ ਵਿਦੇਸ਼ੀ ਸਿੱਖਾਂ ਤੇ ਇਥੇ ਦੇ ਸਭ ਕਿਸਮ ਸਿੱਖ ਅਦਾਰਿਆਂ ਨੂੰ ਘੱਟੋ-ਘੱਟ ਪ੍ਰੋਗਰਾਮ ਦੇ ਉਪਰ ਇਕੱਠੇ ਹੋ ਕੇ ਇਨ੍ਹਾਂ ਕੂੜ ਪ੍ਰਚਾਰਾਂ ਨੂੰ ਭਾਂਜ ਦੇਣੀ ਚਾਹੀਦੀ ਹੈ। ਹਿੰਦੂ ਵੀਰ ਵੀ ਆਪਣੇ ਅੰਦਰ ਝਾਤੀ ਮਾਰਨ ਕਿ ਕੀ ਉਹ ਨਾਅਰੇ, ਟੈਲੀਫੋਨ ਤੇ ਲਿਖਤਾਂ ਉਨ੍ਹਾਂ ਦੇ ਆਪਣੇ ਸ਼ਰਾਰਤੀ ਬਿਪਰ ਹਿੰਦੂ ਜਾਂ ਕੋਈ ਹੋਰ ਤੀਜ਼ੀ ਧਿਰ ਗੰਦੀ ਖੇਡ ਤਾਂ ਨਹੀਂ ਖੇਡ ਰਹੀ ? ਜੋ ਇਥੇ ਦੇ ਭਾਈਚਾਰੇ ਵਿੱਚ ਫੁੱਟ ਪਾਉਂਣ ਦੀ ਕੋਸ਼ਿਸ਼ ਕਰ ਰਹੀ ਹੋਵੇ।

-ਪ੍ਰੋ. (ਡਾ.) ਗੁਰਨਾਮ ਸਿੰਘ ਸੰਘੇੜਾ)


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੁਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।

Dr. Malkit Singh Sidhu
D.H.M.S. (Hons.)
drmsidhu2@gmail.com

Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic




UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਮੁਗਲਾਂ ਨੂੰ ਹਮਲਾਵਰ ਕਹਿਣ 'ਤੇ ਨਸੀਰੂਦੀਨ ਸ਼ਾਹ ਨੂੰ ਆਇਆ ਗੁੱਸਾ, ਕਿਹਾ:ਖਲਨਾਇਕ ਨਹੀਂ ਹੈ ਅਕਬਰ



ਨਵੀਂ ਦਿਲੀ:ਆਉਣ ਵਾਲੀ ਵੈੱਬ ਸੀਰੀਜ਼ ਤਾਜ 'ਚ ਮੁਗਲ ਬਾਦਸ਼ਾਹ ਅਕਬਰ ਦਾ ਕਿਰਦਾਰ ਨਿਭਾਉਣ ਵਾਲੇ ਨਸੀਰੂਦੀਨ ਸ਼ਾਹ ਨੇ ਕਿਹਾ ਹੈ ਕਿ ਮੱਧਕਾਲੀਨ ਸ਼ਾਸਕਾਂ ਨੂੰ ਬਿਨਾਂ ਕਿਸੇ ਕਾਰਨ ਦੇ ਖਲਨਾਇਕ ਬਣਾ ਦਿੱਤਾ ਜਾਂਦਾ ਹੈ। ਅਦਾਕਾਰ ਨੇ ਆਪਣੇ ਮੁਗਲ ਸ਼ਾਸਕ ਦੇ ਕਿਰਦਾਰ ਬਾਰੇ ਖੁੱਲ੍ਹ ਕੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਇਨ੍ਹਾਂ ਸ਼ਾਸਕਾਂ ਦੀ ਚਰਚਾ ਹੋਣੀ ਚਾਹੀਦੀ ਹੈ। ਮੁਗਲਾਂ ਨੇ 1526 ਤੋਂ ਲਗਭਗ ਤਿੰਨ ਸਦੀਆਂ ਤੱਕ ਉੱਤਰੀ ਭਾਰਤ ਦੇ ਇੱਕ ਵੱਡੇ ਹਿੱਸੇ 'ਤੇ ਰਾਜ ਕੀਤਾ, ਹਾਲਾਂਕਿ ਉਨ੍ਹਾਂ ਦਾ ਸਿਖਰ ਸਮਾਂ 17ਵੀਂ ਸਦੀ ਵਿੱਚ ਸੀ। ਪਿਛਲੇ ਕੁਝ ਸਾਲਾਂ ਵਿੱਚ ਦੇਸ਼ ਵਿੱਚ ਅਜਿਹਾ ਬਿਰਤਾਂਤ ਕਾਇਮ ਕੀਤਾ ਗਿਆ ਹੈ ਕਿ ਦੂਜੇ ਹਮਲਾਵਰਾਂ ਵਾਂਗ ਮੁਗਲ ਵੀ ਜ਼ਾਲਮ ਸਨ ਅਤੇ ਉਨ੍ਹਾਂ ਨੇ ਸਾਡੀ ਸੰਸਕ੍ਰਿਤ ਨੂੰ ਵਿਗਾੜ ਦਿੱਤਾ ਹੈ। ਹੁਣ ਬਹੁਤ ਸਾਰੇ ਲੋਕ ਭਾਰਤ ਲਈ ਉਸ ਦੇ ਯੋਗਦਾਨ 'ਤੇ ਸਵਾਲ ਉਠਾਉਂਦੇ ਰਹਿੰਦੇ ਹਨ। ਇਸ ਨੂੰ ਸੰਬੋਧਿਤ ਕਰਦੇ ਹੋਏ ਨਸੀਰੂਦੀਨ ਸ਼ਾਹ ਨੇ ਇੰਡੀਅਨ ਐਕਸਪ੍ਰੈਸ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ, 'ਇਹ ਮੈਨੂੰ ਬਹੁਤ ਹੈਰਾਨ ਕਰਦਾ ਹੈ, ਕਿਉਂਕਿ ਇਹ ਬਹੁਤ ਮਜ਼ਾਕੀਆ ਹੈ। ਮੁਗਲ ਇੱਥੇ ਲੁੱਟਣ ਨਹੀਂ ਆਏ ਸਨ। ਉਹ ਇਸ ਨੂੰ ਆਪਣਾ ਘਰ ਬਣਾਉਣ ਲਈ ਇੱਥੇ ਆਏ ਸਨ ਅਤੇ ਉਨ੍ਹਾਂ ਨੇ ਅਜਿਹਾ ਹੀ ਕੀਤਾ। ਉਸ ਦੇ ਯੋਗਦਾਨ ਤੋਂ ਕੌਣ ਇਨਕਾਰ ਕਰ ਸਕਦਾ ਹੈ?' ਅਭਿਨੇਤਾ ਨੇ ਕਿਹਾ ਕਿ ਮੁਗਲਾਂ ਦੀ ਜ਼ਿਆਦਾ ਵਡਿਆਈ ਹੋ ਸਕਦੀ ਹੈ, ਪਰ ਉਨ੍ਹਾਂ ਨੂੰ ਖਲਨਾਇਕ ਬਣਾਉਣ ਦੀ ਕੋਈ ਲੋੜ ਨਹੀਂ ਹੈ। ਇਸ ਲਈ ਜੋ ਲੋਕ ਕਹਿ ਰਹੇ ਹਨ, ਉਹ ਕੁਝ ਹੱਦ ਤੱਕ ਸੱਚ ਹੈ, ਕਿ ਮੁਗਲਾਂ ਨੂੰ ਸਾਡੀਆਂ ਸਵਦੇਸ਼ੀ ਪਰੰਪਰਾਵਾਂ ਦੀ ਕੀਮਤ 'ਤੇ ਵਡਿਆਈ ਮਿਲੀ ਹੈ। ਹੋ ਸਕਦਾ ਹੈ ਕਿ ਇਹ ਸੱਚ ਹੋਵੇ, (ਪਰ) ਉਸ ਨੂੰ ਖਲਨਾਇਕ ਬਣਾਉਣ ਦੀ ਵੀ ਕੋਈ ਲੋੜ ਨਹੀਂ। ਜੇ ਉਨ੍ਹਾਂ ਨੇ ਜੋ ਕੁਝ ਕੀਤਾ ਉਹ ਭਿਆਨਕ ਸੀ, ਤਾਜ ਮਹਿਲ ਨੂੰ ਢਾਹ ਦਿਓ, ਲਾਲ ਕਿਲਾ ਢਾਹ ਦਿਓ, ਕੁਤੁਬ ਮੀਨਾਰ ਨੂੰ ਢਾਹ ਦਿਓ।


ਅਸੀਂ ਲਾਲ ਕਿਲੇ ਨੂੰ ਪਵਿੱਤਰ ਕਿਉਂ ਮੰਨਦੇ ਹਾਂ, ਇਹ ਮੁ.ਗਲਾਂ ਨੇ ਬਣਵਾਇਆ ਸੀ। ਸਾਨੂੰ ਉਸਦੀ ਵਡਿਆਈ ਕਰਨ ਦੀ ਲੋੜ ਨਹੀਂ ਹੈ, ਪਰ ਸਾਨੂੰ ਉਸਨੂੰ ਬਦਨਾਮ ਕਰਨ ਦੀ ਵੀ ਲੋੜ ਨਹੀਂ ਹੈ।

# ਭਾਰਤ ਲਗਾਤਾਰ 5ਵੇਂ ਸਾਲ ਵੀ ਇੰਟਰਨੈਟ ਬੰਦ ਕਰਨ ਦੀ ਸੂਚੀ ਵਿਚ ਦੁਨੀਆਂ 'ਚ ਪਹਿਲੇ ਨੰਬਰ ਤੇ





ਨਵੀਂ ਦਿੱਲੀ:-ਪਿਛਲੇ ਸਾਲ ਲਗਭਗ 84 ਵਾਰ ਇੰਟਰਨੈਟ ਬੰਦ ਹੋਣ ਦੇ ਨਾਲ, ਭਾਰਤ ਉਨ੍ਹਾਂ ਦੇਸ਼ਾਂ ਦੀ ਸੂਚੀ ਵਿਚ ਸਿਖਰ 'ਤੇ ਹੈ ਜਿਸ ਨੇ ਲਗਾਤਾਰ ਪੰਜਵੇਂ ਸਾਲ ਇੰਟਰਨੈਟ ਬੰਦ ਕਰਨ ਦਾ ਆਦੇਸ਼ ਦਿੱਤੇ ਇਹ ਇਕ ਰਿਪੋਰਟ ਵਿਚ ਕਿਹਾ ਗਿਆ ਹੈ। ਐਕਸੈਸ ਨਾਓ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਸਰਕਾਰ ਵੱਲੋਂ ਵਿਰੋਧ ਪ੍ਰਦਰਸ਼ਨ, ਸੰਘਰਸ਼, ਅਤੇ ਚੋਣਾਂ ਸਮੇਤ ਵੱਖ-ਵੱਖ ਸਮੇਂ ਇੰਟਰਨੈਟ ਬੰਦ ਕਰਨ ਦੇ ਹੁਕਮ ਦਿੱਤੇ ਗਏ ਸਨ। ਰਿਪੋਰਟ 'ਚ ਕਿਹਾ ਗਿਆ ਹੈ ਕਿ 2022 'ਚ ਭਾਰਤ ਵਾਲੇ ਪਾਸੇ ਦੇ ਜੰਮੂ-ਕਸ਼ਮੀਰ 'ਚ 49 ਵਾਰ ਇੰਟਰਨੈੱਟ ਬੰਦ ਕੀਤਾ ਗਿਆ ਸੀ। ਇਸ ਵਿਚ ਕਿਹਾ ਗਿਆ ਹੈ, ਰਾਜਸਥਾਨ ਵਿਚ ਅਧਿਕਾਰੀਆਂ ਨੇ 12 ਵੱਖ-ਵੱਖ ਮੌਕਿਆਂ 'ਤੇ ਪੱਛਮੀ ਬੰਗਾਲ ਨੇ ਸੱਤ ਵਾਰ ਇੰਟਰਨੈਟ ਬੰਦ ਕਰਨ ਦਾ ਹੁਕਮ ਦਿੱਤਾ। "ਪਿਛਲੇ ਸਾਲ, ਭਾਰਤ ਨੇ ਧਰਤੀ ਦੇ ਕਿਸੇ ਵੀ ਦੇਸ਼ ਨਾਲੋਂ ਵੱਧ 84 ਵਾਰ ਇੰਟਰਨੈੱਟ ਬੰਦ ਕੀਤਾ। ਇਹ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਿੱਚ ਮੌਲਿਕ ਅਧਿਕਾਰਾਂ ਉੱਤੇ 84 ਹਮਲੇ ਹਨ।" ਰਿਪੋਰਟ ਵਿੱਚ ਕਿਹਾ ਸੀ ਕਿ ਅਧਿਕਾਰੀਆਂ ਨੇ 2021 ਵਿੱਚ ਭਾਰਤ ਵਿੱਚ 107 ਇੰਟਰਨੈਟ ਬੰਦ ਕੀਤੇ ਸਨ।

BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh



BHARTI ART JEWELLERS
World Class Imports of Gold and Diamond Jewellery
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration



New Location:
346 8140 128th St
(Payal Bus. Centre)
Surrey BC
Ph: 778-565-5000
Flagship Location:
6612 Main St.
Vancouver BC
Ph: 604-327-8711
BhartiJewellers.com

AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor
KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator
BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year
PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

# ਪੰਜਾਬ ’ਚ ਖਾਲਿਸਤਾਨ ਦੇ ਨਾਅਰਿਆਂ ਦੀ ਗੂੰਜ
# ਜਥੇਦਾਰ ਹਰਪ੍ਰੀਤ ਸਿੰਘ ਨੇ ਕੀਤੀ ਭਾਈ ਅੰਮ੍ਰਿਤਪਾਲ ਸਿੰਘ ਦੀ ਹਮਾਇਤ

ਅੰਮ੍ਰਿਤਸਰ:-‘ਸਾਡੇ ਖਾਲਿਸਤਾਨ ਦੇ ਮਕਸਦ ਨੂੰ ਬੁਰਾਈ ਜਾਂ ਵਰਜਿਤ ਨਾ ਸਮਝਿਆ ਜਾਵੇ। ਉਸ ਨੂੰ ਬੜੀ ਵਿਦਵਤਾ ਨਾਲ ਵੇਖਿਆ ਜਾਵੇ।’‘ਇਸ ਦੇ ਭੂ-ਰਾਜਨੀਤਿਕ ਲਾਭ ਕੀ ਹਨ, ਸਿੱਖਾਂ ਲਈ ਇਸ ਦੇ ਕੀ ਲਾਭ ਹਨ ਅਤੇ ਸਿੱਖਾਂ ਦੇ ਬਚਾਅ ਅਤੇ ਪੰਜਾਬ ਲਈ ਇਹ ਕਿਉਂ ਜ਼ਰੂਰੀ ਹੈ।’ਇਹ ਟਿੱਪਣੀ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਨੇ ਪੰਜਾਬ ਦੇ ਅਜਨਾਲਾ ਵਿੱਚ ਸਿੱਖ ਪ੍ਰਦਰਸ਼ਨਕਾਰੀਆਂ ਵੱਲੋਂ ਪੁਲਿਸ ਥਾਣੇ ਦਾ ਘਿਰਾਓ ਕਰਨ ਤੋਂ ਇੱਕ ਦਿਨ ਬਾਅਦ ਕੀਤੀ।

ਅਮ੍ਰਿਤਪਾਲ ਸਿੰਘ ਨੇ ਖਾਲਿਸਤਾਨ ਦੀ ਮੰਗ ਬਾਰੇ ਅੱਗੇ ਕਿਹਾ, “ਇਸ ਦੇ ਪਿੱਛੇ ਕੋਈ ਨਹੀਂ ਹੈ। ਮੈਂ ਇਸ ਦੇ ਪਿੱਛੇ ਨਹੀਂ ਹਾਂ। ਬੰਦਾ ਸਿਰਫ਼ ਕਿਸੇ ਵਿਚਾਰਧਾਰਾ ਦਾ ਚਿਹਰਾ ਬਣਦਾ ਹੈ। ਇਹ ਵਿਚਾਰਧਾਰਾ ਕਦੇ ਵੀ ਖਤਮ ਨਹੀਂ ਹੁੰਦੀ। ਤੁਸੀਂ ਸਾਡੀ ਸਾਰੀ ਕੌਮ ਨੂੰ ਮਾਰ ਦੇਵੋ, ਖਾਲਸੇ ਦਾ ਰਾਜ ਕਰਨ ਦਾ ਸੁਪਨਾ ਕਦੇ ਖਤਮ ਨਹੀਂ ਹੋਵੇਗਾ। ਇਹ ਮਹਾਰਾਜ ਨੇ ਦੇਣਾ ਹੈ, ਦਿੱਲੀ ਤੋਂ ਤਾਂ ਅਸੀਂ ਮੰਗਦੇ ਨਹੀਂ ਹਾਂ।”ਪੰਜਾਬ ਦੀ ਸਿਆਸਤ ਵਿੱਚ ਪਿਛਲੇ ਕੁਝ ਸਮੇਂ ਤੋਂ ਇੱਕ ਨਾਮ ਚਰਚਾ ਵਿੱਚ ਹੈ। ਇਹ ਨਾਂ ਹੈ ਅਮ੍ਰਿਤਪਾਲ ਸਿੰਘ, ਜੋ ਮਰਹੂਮ ਸੰਦੀਪ ਸਿੰਘ ਉਰਫ਼ ਦੀਪ ਸਿੱਧੂ ਵਲੋਂ ਬਣਾਈ ਗਈ ‘ਵਾਰਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਹਨ।ਅਮ੍ਰਿਤਪਾਲ ਸਿੰਘ ਵੱਲੋਂ ਵੱਖ-ਵੱਖ ਸਟੇਜਾਂ ਉੱਤੇ ਜਿੱਥੇ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਜਾਂਦੀ ਹੈ ਉੱਥੇ ਹੀ ਉਨ੍ਹਾਂ ਵੱਲੋਂ ਖਾਲਿਸਤਾਨ ਦੀ ਮੰਗ ਕੀਤੀ ਜਾਂਦੀ ਹੈ।

ਇੱਕ ਪਾਸੇ ਅਜਨਾਲਾ ਦੀ ਘਟਨਾ ਤੇ ਦੂਜੇ ਪਾਸੇ ਖਾਲਿਸਤਾਨ ਦੀ ਮੰਗ ਦਾ ਪੁਰਜ਼ੋਰ ਤਰੀਕੇ ਨਾਲ ਫਿਰ ਉਠਣਾ ਰਾਜਨੇਤਾ, ਪੁਲਿਸ ਪ੍ਰਸ਼ਾਸਨ ਦੇ ਮਾਹਿਰਾਂ ਅਤੇ ਸੀਨੀਅਰ ਪੱਤਰਕਾਰਾਂ ਨੂੰ ਚਿੰਤਾ ਦਾ ਵਿਸ਼ਾ ਲਗ ਰਿਹਾ ਹੈ।ਕਈ ਮਾਹਿਰਾਂ ਵੱਲੋਂ ਅਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਅਜਨਾਲਾ ਇਕੱਠ ਨੂੰ ‘ਗਰਮ ਖਿਆਲੀ ਭੀੜ’ ਕਰਾਰ ਦਿੱਤਾ ਜਾ ਰਿਹਾ ਹੈ।ਸੀਨੀਅਰ ਪੱਤਰਕਾਰ ਜਗਤਾਰ ਸਿੰਘ ਕਹਿੰਦੇ ਖਾਲਿਸਤਾਨ ਦਾ ਨਾਅਰਾ ਬਹੁਤ ਪੁਰਾਣਾ ਹੈ। ਸਾਲ 1978 ਵਿੱਚ ਜਦੋਂ ਦਲ ਖਾਲਸਾ ਬਣਿਆ ਸੀ ਤਾਂ ਇਹ ਨਾਅਰਾ ਦਿੱਤਾ ਗਿਆ ਸੀ ਅਤੇ ਉਸ ਤੋਂ ਪਹਿਲਾਂ ਡਾਕਟਰ ਜਗਜੀਤ ਸਿੰਘ ਚੌਹਾਨ ਨੇ ਕਿਸੇ ਸਮੇਂ ਇਹ ਨਾਅਰਾ ਦਿੱਤਾ ਸੀ।ਜਗਤਾਰ ਸਿੰਘ ਅਨੁਸਾਰ, “ਖਾਲਿਸਤਾਨ ਲਈ ਸੰਘਰਸ਼ ਵੀ ਹੋਇਆ ਅਤੇ ਲੋਕ ਮਰੇ ਵੀ ਹਨ। ਹੁਣ ਫਿਰ ਉਹੀ ਗੱਲ ਹੋ ਰਹੀ ਹੈ। ਇਹ ਨਾਅਰਾ ਵਾਪਿਸ ਆ ਗਿਆ ਹੈ। ਇਸ ਨਾਲ ਲੋਕਾਂ ਵਿੱਚ ਡਰ ਅਤੇ ਸਹਿਮ ਦਾ ਮਾਹੌਲ ਜ਼ਰੂਰ ਪੈਦਾ ਹੋਵੇਗਾ। ਨਵੇਂ ਹਲਾਤ ਵਿੱਚ ਲੱਗ ਰਿਹਾ ਹੈ ਕਿ ਸਾਡੇ ਲਈ ਬਾਹਰੋਂ ਆ ਕੇ ਇੱਕ ਬੰਦਾ ਖਾਲਿਸਤਾਨ ਦੀ ਗੱਲ ਕਰ ਰਿਹਾ ਹੈ।ਉਨ੍ਹਾਂ ਕਿਹਾ, “ਦਲ ਖਾਲਸਾ ਹਰ ਸਾਲ ਦੋ ਵਾਰ ਜਲੂਸ ਕੱਢਦਾ ਹੈ ਅਤੇ ਖਾਲਿਸਤਾਨ ਦੇ ਨਾਅਰੇ ਲੱਗਦੇ ਹਨ। ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਵੀ ਖਾਲਿਸਤਾਨ ਦੀ ਗੱਲ ਕਰਦੇ ਹਨ। ਪੰਜਾਬ ਵਿੱਚ ਇਹ ਕੋਈ ਨਵੀਂ ਗੱਲ ਨਹੀਂ ਹੈ। ਪਰ ਜਿਸ ਢੰਗ ਨਾਲ ਅਮ੍ਰਿਤਪਾਲ ਗੱਲ ਕਰਦੇ ਹਨ, ਉਹ ਦਹਿਸ਼ਤ ਪੈਦਾ ਕਰਨ ਵਾਲਾ ਹੈ। ਜੋ ਅਜਨਾਲਾ ਵਿੱਚ ਹੋਇਆ, ਉਹ ਡਰ ਪੈਦਾ ਕਰਨ ਵਾਲਾ ਹੈ।

ਜਗਤਾਰ ਸਿੰਘ ਕਹਿੰਦੇ ਹਨ, “ਮੰਨ ਲਓ ਜੇ ਉੱਥੇ ਪੁਲਿਸ ਜਵਾਬੀ ਕਾਰਵਾਈ ਕਰਦੀ, ਗੋਲੀ ਚੱਲ ਜਾਂਦੀ, ਡਾਂਗਾਂ ਚੱਲਦੀਆਂ ਅਤੇ ਗੁਰੂ ਗ੍ਰੰਥ ਸਾਹਿਬ ’ਤੇ ਹਮਲਾ ਹੋ ਜਾਂਦਾ ਤਾਂ ਫ਼ਿਰ ਇਹ ਰੌਲਾ ਪੈਣਾ ਸੀ ਕਿ ਗੁਰੂ ਗ੍ਰੰਥ ਸਾਹਿਬ ਉੱਤੇ ਅਟੈਕ ਹੋ ਗਿਆ। ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾ ਕੇ ਨਹੀਂ ਵਰਤਣਾ ਚਾਹੀਦਾ, ਇਹ ਸਭ ਕੁਝ ਗ਼ਲਤ ਹੋ ਰਿਹਾ ਹੈ।”ਉਹਨਾਂ ਕਿਹਾ, “ਗੁਰੂ ਗ੍ਰੰਥ ਸਾਹਿਬ



ਨਾਲ ਲੈ ਕੇ ਨਹੀਂ ਜਾਣਾ ਚਾਹੀਦਾ ਸੀ, ਕਿਉਂਕਿ ਇਸ ਵਰਤਾਰੇ ਦੇ ਨਤੀਜੇ ਮੈਂ ਦੂਰ ਦਰਸ਼ੀ ਦੇਖ ਰਿਹਾ ਹਾਂ।”

ਭਾਈ ਅਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਬਹੁਤ ਪਿੱਛੇ ਸੀ ਪਰ ਇਸ ਦਾ ਬਹਾਨਾ ਬਣਾਇਆ ਜਾ ਰਿਹਾ ਹੈ।ਉਹਨਾਂ ਕਿਹਾ, “ਗੁਰੂ ਗ੍ਰੰਥ ਸਾਹਿਬ ਨਾਲ ਅਸੀਂ ਵਹੀਰ ਕੱਢੀ ਸੀ। ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਕਦੇ ਵੀ ਅੱਗੇ ਨਹੀਂ ਗਏ ਪਰ ਇਸ ਵਾਰ ਜਦੋਂ ਪੁਲਿਸ ਨੇ ਲਾਠੀਚਾਰਜ ਸ਼ੁਰੂ ਕੀਤਾ ਤਾਂ ਪਾਲਕੀ ਸਾਹਿਬ ਬਹੁਤ ਪਿੱਛੇ ਸੀ। ਪਾਲਕੀ ਸਾਹਿਬ ਬਾਅਦ ਵਿੱਚ ਥਾਣੇ ਅੰਦਰ ਪਹੁੰਚੀ ਹੈ।”ਸਾਬਕਾ ਐਮਐਲਏ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੈ ਜਿੱਥੇ ਰਾਸ਼ਟਰੀ ਸੁਰੱਖਿਆ ਹਮੇਸ਼ਾ ਇੱਕ ਵੱਡਾ ਮੁੱਦਾ ਰਿਹਾ ਹੈ।ਉਹਨਾਂ ਕਿਹਾ, “ਮੈਨੂੰ ਚਿੰਤਾ ਹੈ ਕਿ ਅੱਜ ਪੰਜਾਬ ਵਿੱਚ ਜੋ ਹਲਾਤ ਬਣ ਰਹੇ ਨੇ ਉਸ ਨਾਲ ਸੂਬੇ ਵਿੱਚ ਸਨਅਤ ਨਹੀਂ ਆਵੇਗੀ। ਅੱਸੀ ਅਤੇ ਨੱਬੇ ਦੇ ਦਹਾਕੇ ਦਾ ਸਮਾਂ ਦੁਬਾਰਾ ਪੰਜਾਬ ਵਿੱਚ ਪੈਦਾ ਕੀਤਾ ਜਾ ਰਿਹਾ ਹੈ।”ਬਿਕਰਮ ਸਿੰਘ ਮਜੀਠੀਆ ਨੇ ਕਿਹਾ, “ਜੋ ਕੱਲ੍ਹ ਹੋਇਆ ਉਹ ਉਹਨਾਂ ਲੋਕਾਂ ਦੇ ਹੱਥਾਂ ਵਿੱਚ ਖੇਡਣ ਵਾਲੀ ਗੱਲ ਹੈ ਜੋ ਪੰਜਾਬ ਵਿੱਚ ਧਰੁਵੀਕਰਨ ਚਾਹੁੰਦੇ ਹਨ। ਜੋ ਪੰਜਾਬ ਨੂੰ ਬਲਦਾ ਦੇਖਣਾ ਚਹੁੰਦੇ ਹਨ, ਜੋ ਪੰਜਾਬ ਵਿੱਚ ਹਿੰਦੂ ਸਿੱਖ ਏਕਤਾ ਨੂੰ ਢਾਹ ਲਗਾਉਣਾ ਚਾਹੁੰਦੇ ਹਨ। ਇਹਨਾਂ ਲੋਕਾਂ ਤੋਂ ਬਚਣ ਦੀ ਲੋੜ ਹੈ।”

ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ, “ਅਜਨਾਲਾ ਵਿੱਚ ਵਾਪਰੀ ਘਟਨਾ ਦੀ ਜਿੰਨੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਵੇ ਉੱਨੀ ਘੱਟ ਹੈ। ਭਗਵੰਤ ਮਾਨ ਸਰਕਾਰ ਪੰਜਾਬ ‘ਚ ਕਾਨੂੰਨ ਵਿਵਸਥਾ ਸਥਾਪਿਤ ਕਰਨ ਵਿਚ ਫੇਲ੍ਹ ਸਾਬਿਤ ਹੋਈ ਹੈ। ਦੇਸ਼ ਕਾਨੂੰਨ ਨਾਲ ਚੱਲਦਾ ਹੈ, ਸੰਵਿਧਾਨ ਨਾਲ ਚੱਲਦਾ ਹੈ, ਕਿਸੇ ਵਿਅਕਤੀ ਜਾ ਸੰਸਥਾ ਨੂੰ ਕਾਨੂੰਨ ਹੱਥ ‘ਚ ਲੈਣ ਦਾ ਹੱਕ ਨਹੀਂ।”ਸ਼ਰਮਾ ਕਹਿੰਦੇ ਹਨ, “ਬਹੁਤ ਕੁਰਬਾਨੀਆਂ ਤੋਂ ਬਾਅਦ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਸਥਾਪਿਤ ਹੋਈ ਹੈ। ਸਿੱਖ ਧਾਰਮਿਕ ਆਗੂਆਂ ਅਤੇ ਸਿੱਖ ਬੁੱਧੀਜੀਵੀਆਂ ਨੂੰ ਇਸ ਮਾਮਲੇ ‘ਚ ਦਖਲ ਦੇਣ ਦੀ ਲੋੜ।” ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਮ੍ਰਿਤਪਾਲ ਸਿੰਘ ਦਾ ਨਾਮ ਲਏ ਬਗੈਰ ਫੇਸਬੁੱਕ ਉੱਤੇ ਇੱਕ ਪੋਸਟ ਸਾਂਝੀ ਕੀਤੀ ਹੈ।ਉਨ੍ਹਾਂ ਇਸ ਪੋਸਟ ਵਿੱਚ ਲਿਖਿਆ ਹੈ, “ਜੇ ਕੋਈ ਜਬਰ ਜ਼ੁਲਮ ਦੇ ਖ਼ਿਲਾਫ਼, ਮਨੁੱਖੀ ਹੱਕਾਂ ਨੂੰ ਕੁਚਲਣ ਦੇ ਖ਼ਿਲਾਫ਼ ਜਾਂ ਸਿੱਖਾਂ ਦੇ ਹੱਕ ਹਕੂਕਾਂ ਲਈ ਸੰਘਰਸ਼ ਕਰਦਾ ਹੈ ਤਾਂ ਉਸ ਦੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਡੱਟਵੀਂ ਹਮਾਇਤ ਕਰਨੀ ਚਾਹੀਦੀ ਹੈ।’’

‘‘ਇਸ ਕਾਰਜ ਵਿੱਚ ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਅਸੀਸ ਲੈਣਾ ਵੀ ਜ਼ਰੂਰੀ ਹੈ। ਜਿੱਥੇ ਸੰਘਰਸ਼ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ ਸਤਿਕਾਰ ਵਿੱਚ ਕਮੀ ਆਉਣ ਦਾ ਖ਼ਦਸ਼ਾ ਹੋਵੇ ਉੱਥੇ ਜ਼ਰੂਰ ਵਿਚਾਰਨਾ ਚਾਹੀਦਾ ਹੈ ਅਤੇ ਸਾਨੂੰ ਪੁਰਾਤਨ ਇਤਿਹਾਸ ਤੋਂ ਸੇਧ ਲੈ ਲੈਣੀ ਚਾਹੀਦੀ ਹੈ।’’ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, “ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਢਾਲ ਬਣਾ ਕੇ ਥਾਣਿਆਂ ਤੱਕ ਲੈ ਕੇ ਜਾਣ ਵਾਲੇ ਕਿਸੇ ਵੀ ਪੱਖ ਤੋਂ ਪੰਜਾਬ ਅਤੇ ਪੰਜਾਬੀਅਤ ਦੇ “ ਵਾਰਿਸ ” ਅਖਵਾਉਣ ਦੇ ਕਾਬਿਲ ਨਹੀਂ ਹੋ ਸਕਦੇ।”

# ਚੀਨ ਦੀ ਵੂਹਾਨ ਲੈਬ ’ਚ ਹੀ ਪੈਦਾ ਹੋਇਆ ਸੀ ਕੋਰੋਨਾ



ਵਾਸ਼ਿੰਗਟਨ : ਦੁਨੀਆ ਭਰ ਵਿੱਚ ਲੌਕਡਾਊਨ ਲਵਾਉਣ ਵਾਲੇ ਕੋਰੋਨਾ ਨੇ ਇੱਕ ਵਾਰ ਤਾਂ ਜ਼ਿੰਦਗੀ ਦੀ ਰਫ਼ਤਾਰ ਹੀ ਰੋਕ ਦਿੱਤੀ ਸੀ, ਭਾਵੇਂ ਹੁਣ ਕਈ ਮੁਲਕਾਂ ਨੇ ਇਸ ਮਹਾਂਮਾਰੀ ਨਾਲ ਨਜਿੱਠਣ ਲਈ ਵੈਕਸੀਨ ਬਣਾ ਲਈ, ਪਰ ਇਸ ਬਿਮਾਰੀ ਦਾ ਖ਼ਤਰਾ ਅਜੇ ਵੀ ਪੂਰੀ ਤਰ੍ਹਾਂ ਨਹੀਂ ਟਲ਼ਿਆ। ਇਸ ਮਹਾਂਮਾਰੀ ਨੇ ਸਭ ਤੋਂ ਪਹਿਲਾਂ ਚੀਨ ਵਿੱਚ ਕਹਿਰ ਮਚਾਇਆ ਸੀ ਤੇ ਅਮਰੀਕਾ ਸ਼ੁਰੂ ਤੋਂ ਹੀ ਇਹ ਦੋਸ਼ ਲਾਉਂਦਾ ਆ ਰਿਹਾ ਹੈ ਕਿ ਇਹ ਬਿਮਾਰੀ ਚੀਨ ਨੇ ਪੈਦਾ ਕੀਤੀ ਐ, ਪਰ ਹੁਣ ਅਮਰੀਕਾ ਨੇ ਇੱਕ ਨਵਾਂ ਖੁਲਾਸਾ ਕਰਦਿਆਂ ਦੱਸਿਆ ਕਿ ਕੋਰੋਨਾ ਚੀਨ ਦੀ ਵੂਹਾਨ ਲੈਬ ਵਿੱਚ ਬਣਿਆ ਸੀ। ਅਮਰੀਕੀ ਏਜੰਸੀਆਂ ਨੇ ਇਸ ਦੇ ਕਈ ਸਬੂਤ ਦਿੱਤੇ, ਜਿਨ੍ਹਾਂ ਤੋਂ ਪੂਰਾ ਸ਼ੱਕ ਚੀਨ ਵੱਲ ਹੀ ਜਾਂਦਾ ਹੈ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097

By Appointment Only

#202-12677-80AVE SURREY



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# ਹਰਿਆਣੇ ਵਿਚ ਮਹਾਪੰਚਾਇਤਾਂ ਭਗਵੇਂ ਦੋਸ਼ੀਆਂ ਦੇ ਹੱਕ ਵਿਚ ਕਨੂੰਨ ਲਈ ਅੜਿੱਕਾ ਬਣੀਆਂ

## ਰਾਜਸਥਾਨ ਪੁਲੀਸ ਨੂੰ ਦਿੱਤੀ ਚੁਣੌਤੀ ਕਿ ਜੇ ਉਨ੍ਹਾਂ ਨੇ 'ਦੋਸ਼ੀਆਂ ਨੂੰ ਫੜਨ' ਦੀ ਕੋਸ਼ਿਸ਼ ਕੀਤੀ ਤਾਂ 'ਗੰਭੀਰ ਨਤੀਜੇ' ਭੁਗਤਣੇ ਪੈਣਗੇ

ਭਿਵਾਨੀ:-ਕੁਝ ਦਿਨ ਪਹਿਲਾਂ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਦੇ ਗੋਪਾਲਗੜ੍ਹ ਪਿੰਡ ਦੇ ਦੋ ਮੁਸਲਮਾਨ ਵਿਅਕਤੀਆਂ ਜੁਨੈਦ ਅਤੇ ਨਾਸਿਰ ਨੂੰ ਅਗਵਾ ਕਰ ਕੇ ਉਨ੍ਹਾਂ ਨਾਲ ਮਾਰਕੁੱਟ ਕੀਤੀ ਗਈ ਅਤੇ ਬਾਅਦ ਵਿਚ ਹਰਿਆਣੇ ਦੇ ਭਿਵਾਨੀ ਜ਼ਿਲ੍ਹੇ ਵਿਚ ਅੱਗ ਨਾਲ ਸੜੀ ਜੀਪ ਵਿਚ ਉਨ੍ਹਾਂ ਦੇ ਝੁਲਸੇ ਸਰੀਰ ਮਿਲੇ ਸਨ। ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੇ ਦੋਸ਼ ਲਗਾਇਆ ਸੀ ਕਿ ਆਪਣੇ ਆਪ ਨੂੰ ਗਊ ਰੱਖਿਅਕਾਂ ਵਜੋਂ ਪੇਸ਼ ਕਰ ਰਹੇ



ਅਪਰਾਧੀਆਂ ਨੇ ਜੁਨੈਦ ਤੇ ਨਾਸਿਰ ਦੀ ਹੱਤਿਆ ਕੀਤੀ। ਇਸ ਸਬੰਧ ਵਿਚ ਬਜਰੰਗ ਦਲ ਦੇ ਆਗੂ ਮੋਨੂੰ ਮਨੇਸਰ ਦਾ ਨਾਂ ਉੱਭਰਿਆ।ਹੁਣ ਹਰਿਆਣੇ ਵਿਚ ਹੋਈਆਂ ਮਹਾਪੰਚਾਇਤਾਂ ਵਿਚ ਰਾਜਸਥਾਨ ਪੁਲੀਸ ਨੂੰ ਚੁਣੌਤੀ ਦਿੱਤੀ ਗਈ ਹੈ ਕਿ ਜੇ ਉਨ੍ਹਾਂ ਨੇ ਜੁਨੈਦ ਤੇ ਨਾਸਿਰ ਦੇ 'ਹਤਿਆਰਿਆਂ ਨੂੰ ਫੜਨ' ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ 'ਗੰਭੀਰ ਨਤੀਜੇ' ਭੁਗਤਣੇ ਪੈਣਗੇ। ਇਨ੍ਹਾਂ ਮਹਾਪੰਚਾਇਤਾਂ ਵਿਚ ਮੁਸਲਿਮ ਭਾਈਚਾਰੇ ਦੇ ਲੋਕਾਂ ਵਿਰੁੱਧ ਹਿੰਸਾ ਕਰਨ ਦਾ ਸੱਦਾ ਵੀ ਦਿੱਤਾ ਗਿਆ। ਇਸ ਕਾਰਣ ਮੁਸਲਿਮ ਭਾਈਚਾਰੇ ਵਿਚ ਸਖਤ ਗੁਸਾ ਪਾਇਆ ਜਾ ਰਿਹਾ ਹੈ।ਨਤੀਜੇ ਵਜੋਂ ਫਿਰਕੂ ਹਿੰਸਾ ਵਾਪਰਨ ਦੀ ਸੰਭਾਵਨਾ ਬਣੀ ਹੋਈ ਹੈ।ਲੋਕਾਂ ਵਿਚ ਇਹ ਪ੍ਰਭਾਵ ਹੈ ਕਿ ਸੱਤਾਧਾਰੀ ਧਿਰ ਆਪਣੇ ਆਪ ਨੂੰ ਗਊ ਰੱਖਿਅਕਾਂ ਵਜੋਂ ਪੇਸ਼ ਕਰਨ ਵਾਲੇ ਕੱਟੜਪੰਥੀ ਤੱਤਾਂ ਨੂੰ ਸਿੱਧੇ-ਅਸਿੱਧੇ ਰੂਪ ਵਿਚ ਉਤਸ਼ਾਹਿਤ ਕਰਦੀ ਹੈ। ਧਰਮ ਆਧਾਰਿਤ ਇਹ ਸਿਆਸਤ ਦੇਸ਼ ਦੇ ਜਮਹੂਰੀ ਢਾਂਚੇ ਨੂੰ ਖੇਰੂੰ ਖੇਰੂੰ ਕਰ ਸਕਦੀ ਹੈ।

ਮੁਸਲਿਮ ਵਿਰੋਧੀ ਮਹਾਪੰਚਾਇਤਾਂ ਵਿਚ ਮੋਨੂੰ ਮਨੇਸਰ ਜਿਹੇ ਤੱਤਾਂ ਦਾ ਗੁਣਗਾਣ ਕੀਤਾ ਜਾ ਰਿਹਾ ਹੈ। ਪਲਵਲ ਜ਼ਿਲ੍ਹੇ ਵਿਚ ਹੋਈ ਮਹਾਪੰਚਾਇਤ ਵਿਚ ਕਿਹਾ ਗਿਆ ਕਿ ਉਸ ਨੇ ਗਊਆਂ ਦੀ ਰੱਖਿਆ ਕਰਨ ਲਈ ਜਹਾਦੀਆਂ ਦੀਆਂ ਗੋਲੀਆਂ ਦਾ ਸਾਹਮਣਾ ਕੀਤਾ। ਇਸ ਤਰ੍ਹਾਂ ਫ਼ਿਰਕੂ ਤੱਤਾਂ ਨੂੰ ਨਾ ਸਿਰਫ਼ ਫਰਜ਼ੀ ਘਟਨਾਵਾਂ ਘੜ ਕੇ ਨਾਇਕ ਬਣਾਇਆ ਜਾ ਰਿਹਾ ਹੈ ਸਗੋਂ ਪੁਲੀਸ ਤੰਤਰ ਨੂੰ ਵੀ ਚੁਣੌਤੀ ਦਿੱਤੀ ਜਾ ਰਹੀ ਹੈ।ਜੁਨੈਦ ਅਤੇ ਨਾਸਿਰ ਦੇ ਰਿਸ਼ਤੇਦਾਰਾਂ ਦੇ ਖ਼ੂਨ ਦੇ ਨਮੂਨੇ 20 ਫਰਵਰੀ ਨੂੰ ਲਏ ਗਏ ਸਨ ਅਤੇ ਜਦੋਂ ਭਿਵਾਨੀ ਵਿੱਚ ਸੜੇ ਹੋਏ ਪਿੰਜਰਾਂ ਨਾਲ ਮੇਲ ਕੀਤਾ ਗਿਆ ਤਾਂ ਜੀਂਦ ਜ਼ਿਲ੍ਹੇ ਦੀ ਸੋਮਨਾਥ ਗਊਸ਼ਾਲਾ ਤੋਂ ਬਰਾਮਦ ਸਕਾਰਪੀਓ ਦੀ ਸੀਟ 'ਤੇ ਮਿਲਿਆ ਖ਼ੂਨ ਵੀ ਦੋਵਾਂ ਨਾਲ ਮੇਲ ਖਾਂਦਾ ਹੈ।ਹਰਿਆਣਾ ਦੇ ਪਿੰਡ ਬਾਬਾ ਲਡਾਣਾ ਦੇ ਲੋਕਾਂ ਨੇ ਗਊ ਰਕਸ਼ਕ ਦਲ ਅਤੇ ਬਜਰੰਗ ਦਲ ਦੇ ਮੈਂਬਰਾਂ ਨਾਲ ਮਿਲ ਕੇ ਪੰਚਾਇਤ ਕੀਤੀ ਅਤੇ ਫੈਸਲਾ ਕੀਤਾ ਕਿ ਰਾਜਸਥਾਨ ਪੁਲਿਸ ਨੂੰ ਹੁਣ ਪਿੰਡ ਵਿੱਚ ਵੜਨ ਨਹੀਂ ਦਿੱਤਾ ਜਾਵੇਗਾ।ਰਾਜਸਥਾਨ ਪੁਲਿਸ ਨੇ ਜੋ ਵੀ ਪੁੱਛਗਿੱਛ ਕਰਨੀ ਹੈ, ਉਹ ਪੰਚਾਇਤ ਦੇ ਸਾਹਮਣੇ ਹੀ ਕਰਨੀ ਹੋਵੇਗੀ।

# ਮਹਾਨ ਹਾਕੀ ਓਲੰਪੀਅਨ ਸਵ. ਸੁਰਜੀਤ ਸਿੰਘ ਰੰਧਾਵਾ ਦੇ ਆਦਮ ਕੱਦ ਬੁੱਤ ਦਾ ਉਦਘਾਟਨ



ਬਟਾਲਾ-ਸੁਰਜੀਤ ਸਪੋਰਟਸ ਐਸੋਸੀਏਸ਼ਨ ਕੋਟਲਾ ਸ਼ਾਹੀਆ ਵੱਲੋਂ ਬਟਾਲਾ ਸਥਿਤ ਹੰਸਲੀ ਪੁੱਲ ਚੌਕ ਵਿਖੇ ਸਥਾਪਤ ਕੀਤੇ ਮਹਾਨ ਹਾਕੀ ਓਲੰਪੀਅਨ ਸਵ. ਸੁਰਜੀਤ ਸਿੰਘ ਰੰਧਾਵਾ ਦੇ ਆਦਮ ਕੱਦ ਬੁੱਤ ਦਾ ਉਦਘਾਟਨ ਸਰਬੱਤ ਦਾ ਭਲਾ ਟਰੱਸਟ ਦੇ ਚੇਅਰਮੈਨ ਸੁਰਿੰਦਰ ਪਾਲ ਸਿੰਘ ਉਬਰਾਏ, ਹਾਕੀ ਓਲੰਪੀਅਨ ਤੇ ਸੁਰਜੀਤ ਸਿੰਘ ਰੰਧਾਵਾ ਦੇ ਸਾਥੀ ਖਿਡਾਰੀ ਬ੍ਰਿਗੇਡੀਅਰ ਹਰਚਰਨ ਸਿੰਘ ਬੋਪਾਰਾਏ,ਸੁਰਜੀਤ ਸਿੰਘ ਦੀ ਪਤਨੀ ਤੇ ਕੌਮਾਂਤਰੀ ਹਾਕੀ ਖਿਡਾਰਨ ਚੰਚਲ ਸੁਰਜੀਤ ਸਿੰਘ ਰੰਧਾਵਾ ਤੇ ਪੁੱਤਰ ਸਰਬਰਿੰਦਰ ਸਿੰਘ ਰੰਧਾਵਾ, ਪ੍ਰੋ. ਗੁਰਭਜਨ ਸਿੰਘ ਗਿੱਲ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬੁੱਤ ਤੋਂ ਪਰਦਾ ਉਠਾ ਕੇ ਇਹ ਉਦਘਾਟਨ ਕੀਤਾ ਗਿਆ।ਇਸ ਤੋਂ ਪਹਿਲਾਂ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਵਿਖੇ ਗੁਰਦਾਸਪੁਰ ਜ਼ਿਲੇ ਦੀਆਂ ਸਮੂਹ ਕਲੱਬਾਂ ਤੇ ਖੇਡ ਸੰਸਥਾਵਾਂ ਦੀ ਖੇਡ ਕਨਵੈਨਸ਼ਨ ਕਰਵਾਈ ਗਈ। ਸਮਾਗਮ ਦੇ ਮੁੱਖ ਮਹਿਮਾਨ ਸਰਬੱਤ ਦਾ ਭਲਾ ਟਰੱਸਟ ਦੇ ਚੇਅਰਮੈਨ ਸੁਰਿੰਦਰ ਪਾਲ ਸਿੰਘ ਉਬਰਾਏ ਨੇ ਬੁੱਤ ਸਥਾਪਤ ਕਰਨ ਲਈ ਐਸੋਸੀਏਸ਼ਨ ਨੂੰ ਚਾਰ ਲੱਖ ਰੁਪਏ ਦੀ ਵਿੱਤੀ ਮਦਦ ਕਰਨ ਦਾ ਐਲਾਨ ਕੀਤਾ।ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਅਤੇ ਬਟਾਲਾ ਤੋਂ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਖੇਡਾਂ ਨੂੰ ਵਿਸ਼ੇਸ਼ ਤਰਜੀਹ ਦੇ ਰਹੀ ਹੈ। ਉਨ੍ਹਾਂ ਪੰਚਾਇਤ ਤੇ ਖੇਤੀ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਦਾ ਸੰਦੇਸ਼ ਸਾਂਝਾ ਕਰਦਿਆਂ ਦੱਸਿਆ ਕਿ ਉਲੰਪੀਅਨ ਖਿਡਾਰੀਆਂ ਦੇ ਪਿੰਡਾਂ ਨੂੰ ਵਿਸ਼ੇਸ਼ ਵਿਕਾਸ ਗਰਾਂਟ ਜਾਰੀ ਕੀਤੀ ਜਾਵੇਗੀ। ਇਸ ਦਾ ਆਰੰਭ ਗੁਰਦਾਸਪੁਰ ਜ਼ਿਲ੍ਹੇ ਤੋਂ ਕੀਤਾ ਜਾਵੇਗਾ।

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads

Need Company Drivers
*Single Driver Pay 52cents/mile*
*Team Drivers 32 cents/mile*
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਵਿਕਾਊ ਮਾਲ ਪੰਜਾਬ ਦਾ...



ਅਮ੍ਰਿਤਪਾਲ ਕਿੰਨਾ ਚੰਗਾ... ਏਹਦੀਆਂ ਬਾਤਾਂ ਉਹਦੇ ਜਾਣ ਤੋਂ ਬਾਦ ਸਮੇਂ ਨੇ ਪਾ ਦੇਣੀਆਂ...ਪਰ ਜਿਹਨਾਂ ਖਾਤਰ ਤੁਸੀਂ ਜਾਨ ਤਲ਼ੀ ਤੇ ਧਰੀਂ ਫਿਰਦੇ ਓ... ਜਦ ਓਹੀ ਥੋਡੇ ਵਿਰੁੱਧ ਖਲੋ ਜਾਣ... ਤਕਲੀਫ ਬਹੁਤ ਹੁੰਦੀ ਐ... ਪਰ ਬਾਜਾਂ ਵਾਲ਼ਾ ਸਭ ਵੇਖਦਾ... ਉਹਨੇ ਸਭਦੇ ਹਸਾਬ ਕਰ ਦੇਣੇ ਆ...

ਸਾਡੇ ਲੋਕਾਂ ਨੂੰ ਸਵਾਲ ਕਰਨ ਦੀ ਅਕਲ ਈ ਹੈਨੀ... 84 ਚ ਵੀ ਸਵਾਲ ਏਹ ਕਰੀ ਗਏ ਬੀ ਸੰਤ ਦਰਬਾਰ ਸਾਬ ਕਿਉਂ ਬੈਠੇ ਨੇ... ਪਰ ਕਿਸੇ ਏਹ ਨੀ ਪੁੱਛਿਆ ਬੀ ਸੰਤਾਂ ਦੀ ਮੰਗ ਕਿਹੜੀ ਗਲਤ ਐ.... ਅਨੰਦਪੁਰ ਦਾ ਮਤਾ ਕਿਉਂ ਨੀ ਮੰਨਦੀ ਸਰਕਾਰ... ਉਸ ਚ ਕੀ ਨੁਕਸ ਐ...

ਹੁਣ ਵੀ ਏਹ ਸਵਾਲ ਕੋਈ ਨੀ ਪੁੱਛਦਾ ਬੀ ਜੇ ਤੂਫਾਨ ਸਿੰਘ ਦਾ ਕੇਸ ਝੂਠਾ ਸੀ... ਫੇਰ ਉਹਦਾ ਰਿਮਾਂਡ ਕਿਵੇਂ ਮਿਲ ਗਿਆ... ਉਹਨੂੰ ਚੱਕਿਆ ਕਿਉਂ..??? ਸਿਰਫ ਕਿਸੇ ਦੇ ਕਹਿਣ ਤੇ ਈ..??? ਹੁਣ ਕੋਈ ਬੰਦਾ ਅੱਜ ਕਹਿਦੇ ਬੀ ਮੈਨੂੰ ਮਾਨ ਮੀਤ ਹੇਅਰ ਹੋਰਾਂ ਨੇ ਰਲ਼ ਕੇ ਕੁੱਟਿਆ... ਕੀ ਪੁਲ਼ਸ ਢੀ੍ ਕਰਕੇ ਉਹਨਾਂ ਨੂੰ ਚੱਕਣ ਲਈ ਛਾਪੇਮਾਰੀ ਕਰੇਗੀ... ਨਹੀਂ.. ਕਦੇ ਨੀ...

ਜੇ ਕਿਸੇ ਚੈਨਲ ਪੱਤਰਕਾਰ ਵਿਦਵਾਨ ਨੂੰ ਅਮ੍ਰਿਤਪਾਲ ਗਲਤ ਲੱਗਦਾ ਤੇ ਭਾਈ ਜਾਕੇ ਗੱਲ ਕਰੋ ਉਸ ਨਾਲ਼... ਉਹ ਹਾਕਾਂ ਮਾਰਦਾ ਬੀ ਕੋਈ ਆਜੋ... ਬਰਾਬਰ ਬਹਿ ਕੇ ਗੱਲ ਤਾਂ ਕਰੋ... ਸਰਕਾਰੀ ਸਾਧਾਂ ... ਲੀਡਰਾਂ ਤੇ ਸਰਕਾਰੀ ਬੰਦਿਆਂ ਨੇ ਉੱਪਰੋਂ ਹੁਕਮ ਅਨੁਸਾਰ ਅਮ੍ਰਿਤਪਾਲ ਦੇ ਵਿਰੁੱਧ ਭੁਗਤਣਾ ਈ ਐ... ਜੀਹਨੂੰ ਪੰਜਾਬ ਨਾਲ਼ ਕੌਮੀ ਘਰ ਨਾਲ਼ ਮੁਹੱਬਤ ਐ ਉਹ ਕਦੇ ਨੀ ਭੁਗਤੂ...

ਬਾਕੀ ਪੰਜਾਬ ਦੇ ਲੋਕਾਂ ਦੀ ਦੁਰਦਸ਼ਾ ਏਸ ਕਰਕੇ ਨੀ ਹੁੰਦੀ ਬੀ ਲੀਡਰ ਮਾੜੇ ਨੇ...ਨਹੀਂ.. ਬਲਕਿ ਏਥੋਂ ਦੇ ਲੋਕ ਚਾਪਲੂਸ ਵਿਕਾਊ ਤੇ ਬੇਅਕਲ ਨੇ... ਉਹਨਾਂ ਨੂੰ ਸਹੀ ਗਲਤ ਤੇ ਚੰਗੇ ਮਾੜੇ ਦੀ ਸਮਝ ਹੈਨੀ... ਆਪਣੇ ਬੇਗਾਨੇ ਦਾ ਫਰਕ ਵੇਲ਼ਾ ਲੰਘੇ ਤੋਂ ਲੱਗਦਾ... ਦੀਪ ਸਿੱਧੂ ਤੇ ਮੂਸੇ ਆਲ਼ੇ ਦੀ ਵਾਰ ਨੂੰ ਵੇਖ ਈ ਚੁੱਕੇ ਆਂ... ਰੱਬ ਜਾਂ ਤੇ ਅਕਲ ਦੇਵੇ ਏਥੋਂ ਦੇ ਲੋਕਾਂ ਨੂੰ ਜਾਂ ਫੇਰ ਚਪੇੜਾਂ ਖਾਂਦੇ ਰਹਿਣ ਦੀ ਤਾਕਤ ਹੋਰ ਮਜਬੂਤੀ ਨਾਲ਼ ਦੇਵੇ...!!!

-- ਬਾਗੀ ਸੁਖਦੀਪ

# ਪੰਜਾਬੀ 'ਗੋਦੀ ਮੀਡੀਆ' ਦੀ ਖੁੱਲ੍ਹੀ ਪੋਲ

## "ਗੋਲਡੀ ਬਰਾੜ" ਦੇ ਨਾਮ ਤੇ ਚਲਾਈ "ਖ਼ਬਰ" ਨਿਕਲੀ ਫ਼ਰਜ਼ੀ

ਚੰਡੀਗੜ੍ਹ:-ਪੰਜਾਬ ਦੇ ਅੰਦਰ ਹਰ ਤੀਜਾ ਬੰਦਾ ਆਪਣੇ ਆਪ ਨੂੰ ਪੱਤਰਕਾਰ ਸਮਝ ਕੇ ਅਤੇ ਝੂਠੀਆਂ ਖ਼ਬਰਾਂ ਪੇਸ਼ ਕਰਕੇ ਸਨਸਨੀ ਫ਼ੈਲਾਉਣ ਦੀ ਕੋਸਿਸ਼ ਕਰਦਾ ਰਹਿੰਦਾ ਹੈ। ਪੰਜਾਬ ਦੇ ਅੰਦਰ ਖੁੰਭਾ ਵਾਂਗੂ ਉੱਘੇ ਯੂਟਿਊਬ ਚੈਨਲਾਂ ਨੇ ਪੱਤਰਕਾਰੀ ਦਾ ਮਿਆਰ ਜਿਹੜਾ ਪਿਛਲੇ ਕੁੱਝ ਕੁ ਸਮੇਂ ਵਿਚ ਥੱਲੇ ਡੇਗਿਆ ਹੈ, ਉਹ ਸ਼ਾਇਦ ਪਹਿਲੋਂ ਕਿਸੇ ਨੇ ਨਹੀਂ ਡੇਗਿਆ।ਤਾਜ਼ਾ ਜਾਣਕਾਰੀ ਮੁਤਾਬਿਕ, ਪੰਜਾਬੀ ਗੋਦੀ ਮੀਡੀਆ ਲੰਘੀ ਸ਼ਾਮ ਤੋਂ ਹੀ ਇੱਕ ਖ਼ਬਰ ਬੜੀ ਤੇਜ਼ੀ ਅਤੇ ਬ੍ਰੇਕਿੰਗ ਬਣਾ ਕੇ ਵਿਖਾ ਰਿਹਾ ਹੈ ਕਿ, ਗੋਲਡੀ ਬਰਾੜ ਨੇ ਲਈ ਗੋਇੰਦਵਾਲ ਜੇਲ੍ਹ ਵਿਚ ਮਾਰੇ ਗਏ ਗੈਂਗਸਟਰਾਂ ਦੇ ਕਤਲ ਦੀ ਜਿੰਮੇਵਾਰੀ.., ਅਜਿਹੀਆਂ ਹੋਰ ਕਈ ਹੈਡਿੰਗ ਦੇ ਨਾਲ ਗੋਲਡੀ ਬਰਾੜ ਦੀ ਇੱਕ ਵਾਇਰਲ ਪੋਸਟ ਰਾਹੀਂ ਵਿਖਾਈਆਂ ਜਾ ਰਹੀਆਂ ਹਨ।ਗੋਲਡੀ ਬਰਾੜ ਦੀ ਪੋਸਟ ਦਾ ਹਵਾਲਾ ਦੇ ਕੇ, ਖ਼ਬਰ ਵਿਖਾਉਣ ਵਾਲੇ ਚੈਨਲਾਂ ਨੂੰ ਅੱਜ ਮੂੰਹ ਦੀ ਖਾਣੀ ਤਾਂ, ਉਦੋਂ ਪਈ ਜਦੋਂ ਪੰਜਾਬ ਪੁਲਿਸ ਦੇ ਵਲੋਂ ਖੁਦ ਟਵੀਟ ਕਰਕੇ ਇਹ ਦੱਸਣਾ ਪਿਆ ਕਿ, ਜਿਹੜੀ ਪੋਸਟ ਗੋਲਡੀ ਬਰਾੜ ਦੇ ਨਾਮ ਤੋਂ ਮੀਡੀਆ ਵਿਖਾ ਰਿਹਾ ਹੈ, ਉਹ ਪੋਸਟ ਅਸਲ ਵਿਚ ਗੋਲਡੀ ਬਰਾੜ ਦੀ ਹੈ ਹੀ ਨਹੀਂ।ਪੰਜਾਬ ਪੁਲਿਸ ਨੇ ਆਪਣੇ ਅਫ਼ੀਸ਼ਲ ਟਵਿੱਟਰ ਹੈਂਡਲ ਤੇ ਅੰਗਰੇਜ਼ੀ ਵਿਚ ਲਿਖਿਆ, ਜਿਸ ਦਾ ਪੰਜਾਬੀ ਅਨੁਵਾਦ ਹੈ ਕਿ, ਪੰਜਾਬ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਅਸਥਿਰ ਕਰਨ ਲਈ ਸੋਸ਼ਲ ਮੀਡੀਆ 'ਤੇ ਵੱਖ-ਵੱਖ ਲੁਟੇਰਿਆਂ ਦੁਆਰਾ ਝੂਠੇ ਦਾਅਵੇ ਕੀਤੇ ਜਾ ਰਹੇ ਹਨ। ਇਹ ਪ੍ਰਸਿੱਧੀ ਹਾਸਲ ਕਰਨ ਦਾ ਝੂਠਾ ਦਾਅਵਾ ਹੈ। ਅਸੀਂ ਤੁਹਾਨੂੰ ਸਭ ਨੂੰ ਅਫਵਾਹਾਂ ਫੈਲਾਉਣ ਵਾਲਿਆਂ ਤੋਂ ਦੂਰ ਰਹਿਣ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਾਂਝਾ ਕਰਨ ਤੋਂ ਪਹਿਲਾਂ ਖਬਰਾਂ ਦੀ ਪੁਸ਼ਟੀ ਕਰਨ ਦੀ ਸਲਾਹ ਦਿੰਦੇ ਹਾਂ।ਦੱਸ ਦਈਏ ਕਿ, ਪੁਲਿਸ ਨੂੰ ਇਹ ਗੱਲ ਤਾਂ, ਲਿਖਣੀ ਪਈ ਕਿਉਂਕਿ ਪੰਜਾਬ ਦੇ ਬਹੁਤੇ ਯੂਟਿਊਬ ਚੈਨਲ ਅੱਗ ਲਾਊ ਹੈਂਡਿੰਗ ਬਣਾ ਕੇ, ਗੋਲਡੀ ਬਰਾੜ ਨੇ ਜਿੰਮੇਵਾਰੀ ਲਈ... ਜੱਗੂ ਭਗਵਾਨਪੁਰੀਏ ਨੇ ਦਿੱਤਾ ਜਵਾਬ.. ਜਿਹੀਆਂ ਖ਼ਬਰਾਂ ਚਲਾ ਰਹੇ ਸਨ। ਇਸ ਦੇ ਨਾਲ ਜਿਥੇ ਸੂਬੇ ਦੇ ਅੰਦਰ ਸ਼ਾਂਤੀ ਭੰਗ ਹੋ ਰਹੀ ਸੀ, ਉਥੇ ਹੀ ਦੁਸ਼ਮਣੀ ਹੋਰ ਵੱਧ ਰਹੀ ਸੀ। ਬੇਸ਼ੱਕ ਗੋਲਡੀ ਬਰਾੜ ਤੇ ਦੋਸ਼ ਹੈ ਕਿ, ਉਹਨੇ ਸਿੱਧੂ ਮੂਸੇਵਾਲਾ ਕਤਲ ਕਰਵਾਇਆ ਹੈ, ਪਰ ਇਹ ਦੋਸ਼ ਹਾਲੇ ਤੱਕ ਸਾਬਤ ਨਹੀਂ ਹੋ ਸਕਿਆ, ਕਿ ਵਾਕਿਆਂ ਹੀ ਮੂਸੇਵਾਲਾ ਦੇ ਕਤਲ ਵਿਚ ਗੋਲਡੀ ਬਰਾੜ ਸ਼ਾਮਲ ਸੀ।

ਦੋਸ਼ ਲੱਗ ਜਾਣਾ ਅਤੇ ਸਾਬਤ ਹੋਣ ਜਾਣਾ, ਦੋਵੇਂ ਵੱਖੋ ਵੱਖਰੀਆਂ ਗੱਲਾਂ ਹਨ। ਮੀਡੀਆ ਦਾ ਕੰਮ ਵੈਸੇ, ਸਰਕਾਰ ਨੂੰ ਸਵਾਲ ਕਰਨਾ ਹੁੰਦਾ ਹੈ ਅਤੇ ਲੋਕਾਂ ਤੋਂ ਇਲਾਵਾ ਮੁਲਾਜ਼ਮਾਂ, ਬੇਰੁਜ਼ਗਾਰਾਂ ਅਤੇ ਸਮਾਜ ਵਿਚ ਹੋ ਰਹੇ ਹੋਰ ਗਲਤ ਕੰਮ ਨੂੰ ਰੋਕਣ ਦਾ ਹੁੰਦਾ ਹੈ, ਪਰ ਅੱਜ ਕੱਲ੍ਹ ਮੀਡੀਆ ਇਨ੍ਹਾਂ ਸਭ ਤੋਂ ਪਾਸੇ ਹੱਟ ਕੇ ਭੜਕਾਹਟ ਪੈਦਾ ਕਰਨ ਵਾਲੀਆਂ ਖ਼ਬਰਾਂ ਚਲਾ ਕੇ, ਪੰਜਾਬ ਨੂੰ ਇੱਕ ਤਰੀਕੇ ਦੇ ਨਾਲ ਤਬਾਹ ਕਰਨ ਤੇ ਤੁਲਿਆ ਹੋਇਆ ਹੈ।






# ਸੰਯੁਕਤ ਰਾਸ਼ਟਰ:ਯੂਕਰੇਨ ਬਾਰੇ ਮਤੇ ’ਤੇ ਵੋਟਿੰਗ ’ਚੋਂ ਭਾਰਤ ਗ਼ੈਰਹਾਜ਼ਰ

ਸੰਯੁਕਤ ਰਾਸ਼ਟਰ:-ਭਾਰਤ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿੱਚ ਯੂਕਰੇਨ ਨੂੰ ਲੈ ਕੇ ਪੇਸ਼ ਮਤੇ ਮੌਕੇ ਗੈਰਹਾਜ਼ਰ ਰਿਹਾ। ਮਤੇ ਵਿੱਚ ਰੂਸ ਨੂੰ ਯੂਕਰੇਨ ਵਿੱਚ ਜੰਗ ਖ਼ਤਮ ਕਰਨ ਤੇ ਉਥੋਂ ਆਪਣੀਆਂ ਫੌਜਾਂ ਵਾਪਸ ਸੱਦਣ ਦੀ ਮੰਗ ਕੀਤੀ ਗਈ ਸੀ। 193 ਮੈਂਬਰੀ ਜਨਰਲ ਅਸੈਂਬਲੀ ਵਿਚ ਮਤੇ ਦੇ ਹੱਕ ਵਿੱਚ 141 ਤੇ ਵਿਰੋਧ ਵਿੱਚ ਸੱਤ ਵੋਟ ਪਏ ਜਦੋਂਕਿ ਭਾਰਤ ਸਣੇ 32 ਮੁਲਕ ਵੋਟਿੰਗ ਦੌਰਾਨ ਗੈਰਹਾਜ਼ਰ ਰਹੇ। ਮਤੇ ਵਿੱਚ ਯੂਕਰੇਨ ’ਚ ‘ਵਿਆਪਕ, ਨਿਆਂਪੂਰਨ ਤੇ ਸਥਾਈ ਸ਼ਾਂਤੀ’ ਤੱਕ ਪੁੱਜਣ ਦੀ ਲੋੜ ’ਤੇ ਜ਼ੋਰ ਦਿੱਤਾ ਗਿਆ। ਉਂਜ ਭਾਰਤ ਨੇ ਅਸੈਂਬਲੀ ਵਿੱਚ ਸਵਾਲ ਕੀਤਾ ਕਿ ਕੀ ਕੁੱਲ ਆਲਮ ਇਸ ਮਸਲੇ ਦੇ ਕਿਸੇ ਸੰਭਾਵੀ ਹੱਲ ਦੇ ਨੇੜੇ-ਤੇੜੇ ਵੀ ਹੈ’, ਜੋ ਮਾਸਕੋ ਤੇ ਕੀਵ ਨੂੰ ਸਵੀਕਾਰ ਹੋਵੇ।ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਵੀਰਵਾਰ ਨੂੰ ਯੂਕਰੇਨ ਤੇ ਉਸ ਦੇ ਹਮਾਇਤੀ ਮੁਲਕਾਂ ਵੱਲੋਂ ਪੇਸ਼ ਕੀਤੇ ਗਏ ਮਤੇ ਨੂੰ ਪਾਸ ਕਰ ਦਿੱਤਾ। ਮਤੇ ਵਿੱਚ ‘ਸੰਯੁਕਤ ਰਾਸ਼ਟਰ ਚਾਰਟਰ ਦੇ ਸਿਧਾਂਤਾਂ ਮੁਤਾਬਕ ਯੂਕਰੇਨ ’ਚ ਛੇਤੀ ਤੋਂ ਛੇਤੀ ਇਕ ਵਿਆਪਕ, ਨਿਆਂਸੰਗਤ ਤੇ ਸਥਾਈ ਸ਼ਾਂਤੀ ਤੱਕ ਪੁੱਜਣ ਦੀ ਲੋੜ’ ਉੱਤੇ ਜ਼ੋਰ ਦਿੱਤਾ ਗਿਆ। ਮਤੇ ਨੂੰ ਸਵੀਕਾਰ ਕਰਨ ਮਗਰੋਂ ਵੋਟ ਦੀ ਵਿਆਖਿਆ ਦੌਰਾਨ ਯੂਐੱਨ ਵਿੱਚ ਭਾਰਤ ਦੀ ਸਥਾਈ ਪ੍ਰਤੀਨਿਧ ਰੁਚਿਰਾ ਕੰਬੋਜ ਨੇ ਕਿਹਾ ਕਿ ਜਨਰਲ ਅਸੈਂਬਲੀ ਯੂਕਰੇਨ ਜੰਗ ਦੇ ਇਕ ਸਾਲ ’ਤੇ ਜ਼ੋਰ ਦਿੰਦੀ ਹੈ, ਲਿਹਾਜ਼ਾ ਇਹ ਜ਼ਰੂਰੀ ਹੋ ਜਾਂਦਾ ਹੈ ਕਿ ‘ਅਸੀਂ ਖ਼ੁਦ ਤੋਂ ਸਵਾਲ ਪੁੱਛੀਏ।’ ਕੰਬੋਜ ਨੇ ਕਿਹਾ, ‘‘ਕੀ ਅਸੀਂ ਦੋਵਾਂ ਧਿਰਾਂ ਲਈ ਸਵੀਕਾਰਯੋਗ ਸੰਭਾਵੀ ਹੱਲ ਦੇ ਕਰੀਬ ਹਾਂ? ਕੀ ਕੋਈ ਵੀ ਅਜਿਹੀ ਪ੍ਰਕਿਰਿਆ ਜਿਸ ਵਿਚ ਦੋਵੇਂ ਧਿਰਾਂ ਵਿਚੋਂ ਕੋਈ ਵੀ ਸ਼ਾਮਲ ਨਹੀਂ ਹੈ, ਸਾਨੂੰ ਇਕ ਭਰੋਸੇਯੋਗ ਤੇ ਸਾਰਥਕ ਹੱਲ ਵੱਲ ਲਿਜਾਂਦੀ ਹੈ? ਕੀ ਸੰਯੁਕਤ ਰਾਸ਼ਟਰ ਪ੍ਰਣਾਲੀ ਤੇ ਵਿਸ਼ੇਸ਼ ਰੂਪ ’ਚ ਇਸ ਦਾ ਪ੍ਰਮੁੱਖ ਅੰਗ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਆਲਮੀ ਸ਼ਾਂਤੀ ਤੇ ਸੁਰੱਖਿਆ ਲਈ ਮੌਜੂਦਾ ਚੁਣੌਤੀਆਂ ਦੇ ਹੱਲ ਵਿੱਚ ਅਸਰਹੀਣ ਨਹੀਂ ਹੋ ਗਈ ਹੈ?’’ ਕੰਬੋਜ ਨੇ ਜ਼ੋਰ ਦੇ ਕੇ ਆਖਿਆ ਕਿ ਭਾਰਤ ਯੂਕਰੇਨ ਦੀ ਹਾਲਤ ਤੋਂ ਫਿਕਰਮੰਦ ਹੈ। ਉਨ੍ਹਾਂ ਕਿਹਾ ਕਿ ਜੰਗ ਕਰਕੇ ਅਣਗਿਣਤ ਲੋਕਾਂ ਦੀ ਜਾਨ ਗਈ ਹੈ, ਲੱਖਾਂ ਲੋਕ ਘਰੋਂ ਬੇਘਰ ਹੋ ਗਏ ਤੇ ਉਹ ਗੁਆਂਢੀ ਮੁਲਕਾਂ ਵਿੱਚ ਸ਼ਰਨ ਲੈਣ ਲਈ ਮਜਬੂਰ ਹਨ। ਕੰਬੋਜ ਨੇ ਕਿਹਾ ਕਿ ਆਮ ਨਾਗਰਿਕਾਂ ਤੇ ਗੈਰਫੌਜੀ ਬੁਨਿਆਦੀ ਢਾਂਚਿਆਂ ’ਤੇ ਹਮਲਿਆਂ ਦੀ ਖ਼ਬਰ ਬਹੁਤ ਚਿੰਤਾਜਨਕ ਹੈ। ਉਂਜ ਮਤੇ ਵਿੱਚ ਮੈਂਬਰ ਮੁਲਕਾਂ ਤੇ ਕੌਮਾਂਤਰੀ ਜਥੇਬੰਦੀਆਂ ਤੋਂ ਚਾਰਟਰ ਮੁਤਾਬਕ ਯੂਕਰੇਨ ਵਿੱਚ ਵਿਆਪਕ, ਨਿਆਂਸੰਗਤ ਤੇ ਸਥਾਈ ਸ਼ਾਂਤੀ ਲਈ ਕੂਟਨੀਤਕ ਯਤਨਾਂ ਲਈ ਹਮਾਇਤ ਨੂੰ ਦੂੱਗਣਾ ਕਰਨ ਦਾ ਸੱਦਾ ਦਿੱਤਾ ਗਿਆ। ਕੰਬੋਜ ਨੇ ਦੁਹਰਾਇਆ ਕਿ ਭਾਰਤ ਬਹੁ-ਸੰਮਤੀਵਾਦ ਲਈ ਦ੍ਰਿੜਤਾ ਨਾਲ ਪ੍ਰਤੀਬੱਧ ਹੈ ਤੇ ਸੰਯੁਕਤ ਰਾਸ਼ਟਰ ਚਾਰਟਰ ਦੇ ਸਿਧਾਂਤਾਂ ਨੂੰ ਮੰਨਦਾ ਹੈ। ਯੂਕਰੇਨ ਨੂੰ ਲੈ ਕੇ ਐਮਰਜੈਂਸੀ ਵਿਸ਼ੇਸ਼ ਇਜਲਾਸ ਵਿੱਚ ਯੂਐੱਨ ਜਨਰਲ ਅਸੈਂਬਲੀ ਪਿਛਲੇ ਇਕ ਸਾਲ ਵਿੱਚ 6 ਵਾਰ ਬੈਠਕ ਕਰ ਚੁੱਕੀ ਹੈ। ਭਾਰਤ ਦੇ ਰੂਸ ਨਾਲ ਚੰਗੇ ਸਬੰਧ ਹਨ ਤੇ ਉਹ ਯੂਕਰੇਨ ਬਾਰੇ ਯੂਐਨ ਦੇ ਮਤਿਆਂ ਤੋਂ ਦੂਰ ਰਿਹਾ ਹੈ, ਪਰ ਉਸ ਨੇ ਲਗਾਤਾਰ ਸੰਯੁਕਤ ਰਾਸ਼ਟਰ ਚਾਰਟਰ, ਕੌਮਾਂਤਰੀ ਕਾਨੂੰਨ ਤੇ ਦੇਸ਼ ਦੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦੇ ਸਨਮਾਨ ਦੀ ਲੋੜ ’ਤੇ ਜ਼ੋਰ ਦਿੱਤਾ ਹੈ। -ਪੀਟੀਆਈ


**AujLawZ** **Tax & Accounting Services**

• Reliable • Professional • Confidential

(we provide first couple of month's service free)

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance

*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career

Contact: Gurbachan Aujla

604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323



So Easy

**ਲਰਨਿੰਗ ਲਾਇਸੈਂਸ**

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- **ਆਟੋਮੈਟਿਕ** ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ










ਅਸੀਂ ਸਿਟੀਜਨ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ

LUCKY'S A to Z DRIVING SCHOOL
Lucky 604-614-5365
Unit 15 - 8388 128 St., Surrey



# GURUDHAM TOUR & TRAVEL

#201-8035-120St, Delta, BC Web:www.gurudhamtour.ca

## 12 ਦਿਨਾਂ ਦੀ ਪੰਜ ਤਖਤ ਸਾਹਿਬ ਅਤੇ ਇਤਿਹਾਸਿਕ ਗੁਰਦੁਆਰਿਆਂ ਦੀ ਯਾਤਰਾ



**ਪੰਜ ਤਖਤ ਸਾਹਿਬ ਜੀ**

1. ਅਕਾਲ ਤਖਤ ਸਾਹਿਬ ਜੀ 2. ਕੇਸਗੜ ਸਾਹਿਬ ਜੀ
3. ਦਮਦਮਾ ਸਾਹਿਬ ਜੀ 4. ਪਟਨਾ ਸਾਹਿਬ ਜੀ 5. ਹਜ਼ੂਰ ਸਾਹਿਬ ਜੀ

**ਗੁਰਦੁਆਰਾ ਸਾਹਿਬ ਜੀ ਦੇ ਦਰਸ਼ਨ**

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ, ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ, ਬਾਬਾ ਬੁੱਢਾ ਸਾਹਿਬ ਜੀ, ਤਰਨਤਾਰਨ ਸਾਹਿਬ ਜੀ, ਗੋਇੰਦਵਾਲ ਸਾਹਿਬ ਜੀ, ਸੁਲਤਾਨਪੁਰ ਲੋਧੀ ਸਾਹਿਬ ਜੀ, ਮੁਕਤਸਰ ਸਾਹਿਬ ਜੀ, ਤਲਵੰਡੀ ਸਾਬੋ ਜੀ, ਨਾਨਕਸਰ ਸਾਹਿਬ ਜੀ ਲੁਧਿਆਣਾ, ਮਾਛੀਵਾੜਾ ਸਾਹਿਬ ਜੀ, ਚਮਕੌਰ ਸਾਹਿਬ ਜੀ, ਦਸਤਾਨ-ਏ-ਸ਼ਹਾਦਤ, ਕੀਰਤਪੁਰ ਸਾਹਿਬ ਜੀ, ਅਨੰਦਪੁਰ ਸਾਹਿਬ ਜੀ, ਗੁ. ਬਾਬਾ ਗੁਰਦਿੱਤਾ ਸਾਹਿਬ ਜੀ, ਗੁ. ਪੀਰ ਬੁੱਧੂ ਸ਼ਾਹ ਜੀ, ਵਿਰਾਸਤ ਏ ਖਾਲਸਾ, ਫਤਹਿਗੜ੍ਹ ਸਾਹਿਬ ਜੀ, ਸਰਹੰਦ, ਦੁਖ ਨਿਵਾਰਨ ਸਾਹਿਬ ਜੀ ਪਟਿਆਲਾ, ਚੰਡੀਗੜ੍ਹ, ਪਟਨਾ ਸਾਹਿਬ ਜੀ, ਹਜ਼ੂਰ ਸਾਹਿਬ ਜੀ

**ਯਾਤਰਾ ਦੀਆਂ ਸਹੂਲਤਾਂ**

*ਸਾਰੀ ਯਾਤਰਾ ਵਿਚ ਵੋਲਵੋ ਬੱਸਾਂ ਦਾ ਸਫਰ(Wi-Fi ਨਾਲ) * 24 ਘੰਟੇ ਡਾਕਟਰ ਦਾ ਸਾਥ ਦਵਾਈਆਂ ਦੇ ਨਾਲ
*24 ਘੰਟੇ ਸਕਿਓਰਟੀ ਦੀ ਸਹਾਇਤਾ *ਸਮਾਨ ਚੁੱਕਣ ਦੀ ਸਹਾਇਤਾ *ਵੈਜੀਟੇਰੀਅਨ ਭੋਜਨ ਅਤੇ ਫਲ
*ਵੈਬਸਾਈਟ ਤੋਂ ਸਿੱਧਾ ਗੁਰਬਾਣੀ ਕੀਰਤਨ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ
*ਰਾਤ ਨੂੰ ਵਧੀਆ ਹੋਟਲ ਜਾਂ ਗੁਰਦੁਆਰੇ ਦੀ ਚੰਗੀ ਸਰਾਂ ਵਿਚ ਰੁਕਣ ਦੀ ਮਰਜੀ

**ਨੋਟ:ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਨੂੰ ਹਵਾਈ ਯਾਤਰਾ ਹੋਵੇਗੀ**

**Facility in the Tour**

*Volvo Buses(with Wi-Fi) *24X7 Days Doctor with Medicine *24X7 Days Security
*Helpers For Luggage *Vegetarian Meal with fruit
*Option for stay in Luxury Hotel or Gurdwara Sahib Saran
*Website Live Kirtan from Darbar Sahib Amritsar,

***Patna Sahib & Hazur Sahib Yatra (By Air)**

For more Information Call: 778-792-4909
604-614-4565, 604-782-3620
Email:info@gurudhamtour.ca
or gurudhamtour@gmail.com

# ਤਿੱਥ, ਤਾਰੀਖ ਅਤੇ ਪ੍ਰਵਿਸ਼ਟਾ

**ਸਰਵਜੀਤ ਸਿੰਘ ਸੈਕਰਾਮੈਂਟੋ**

ਪੰਜਾਬੀ ਵਿੱਚ ਇਕ ਅਖਾਣ ਹੈ ਕਿ 'ਬਾਰਾਂ ਸਾਲਾਂ ਪਿਛੋਂ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ'; ਇਸ ਨੂੰ ਪਿਛਲੇ ਸਾਲ ਸੱਚ ਕਰ ਵਿਖਾਇਆ ਹੈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ। ਗੱਲ ਇਉਂ ਹੋਈ ਕਿ ਮੈਂ ਅਕਤੂਬਰ 2009 ਤੋਂ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਸਾਹਿਬ ਨੂੰ ਕੈਲੰਡਰ ਸਬੰਧੀ ਪੱਤਰ ਲਿਖਦਾ ਆ ਰਿਹਾ ਹਾਂ। ਪਿਛਲੇ ਸਾਲ, 14 ਸਤੰਬਰ 2022 ਈ: (ਪੱਤਰ ਨੰਬਰ 38930) ਨੂੰ ਪਹਿਲੀ ਵਾਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਵੱਲੋਂ ਜਵਾਬ ਆਇਆ, ਜਿਸ ਵਿੱਚ ਉਹ ਲਿਖਦੇ ਹਨ, "ਆਪ ਜੀ ਵੱਲੋਂ ਪੁੱਜੀ ਈਮੇਲ ਪੱਤ੍ਰਿਕਾ ਰਾਹੀ ਮੰਗੀ ਗਈ ਜਾਣਕਾਰੀ ਦੇ ਸਬੰਧ ਵਿੱਚ ਮਾਣਯੋਗ ਪ੍ਰਧਾਨ ਸਾਹਿਬ ਗੁ: ਪ੍ਰ: ਕਮੇਟੀ ਵੱਲੋਂ ਹੋਏ ਆਦੇਸ਼ ਅਨੁਸਾਰ ਇਸ ਸਬੰਧੀ ਕੋਆਰਡੀਨੇਟਰ ਕੈਲੰਡਰ ਸਬ-ਕਮੇਟੀ ਪਾਸੋਂ ਰਾਏ ਪ੍ਰਾਪਤ ਕੀਤੀ ਗਈ ਹੈ। ਉਨ੍ਹਾਂ ਦੀ ਰਾਏ ਅਨੁਸਾਰ ਨਾਨਕਸ਼ਾਹੀ ਕੈਲੰਡਰ ਵਿੱਚ ਤਿੰਨ (ਸੂਰਜੀ, ਚੰਦ੍ਰਮਾ ਤੇ ਅੰਗਰੇਜੀ) ਤਰ੍ਹਾਂ ਦੀਆਂ ਤਾਰੀਖਾਂ ਦੀ ਵਰਤੋਂ ਕੀਤੀ ਗਈ ਹੈ"।

ਆਓ ਇਨ੍ਹਾਂ ਤਿੰਨ ਤਰ੍ਹਾਂ ਦੀਆਂ ਤਾਰੀਖਾਂ ਬਾਰੇ ਜਾਣਕਾਰੀ ਸਾਂਝੀ ਕਰੀਏ।

ਤਿੱਥ:- ਚੰਦ ਧਰਤੀ ਦੇ ਦੁਵਾਲੇ ਚੱਕਰ ਲਾਉਂਦਾ ਹੈ। ਇਹ ਚੱਕਰ, ਜਿਸ ਨੂੰ ਚੰਦ ਦਾ ਮਹੀਨਾ ਮੰਨਿਆ ਜਾਂਦਾ ਹੈ, 29.53 ਸੂਰਜੀ ਦਿਨਾਂ ਵਿਚ ਪੂਰਾ ਹੁੰਦਾ ਹੈ। ਇਸ ਸਮੇਂ ਦੌਰਾਨ ਚੰਦ ਦੀਆਂ 30 ਤਿੱਥਾਂ ਹੁੰਦੀਆਂ ਹਨ। ਚੰਦ ਦੀ ਇੱਕ ਤਿੱਥ 12º ਦੇ ਬਰਾਬਰ ਹੁੰਦੀ ਹੈ। ਚੰਦ ਦੀ ਧਰਤੀ ਤੋਂ ਦੂਰੀ ਵੱਧਦੀ-ਘੱਟਦੀ ਰਹਿੰਦੀ ਹੈ, ਇਸ ਕਾਰਨ ਚੰਦ ਨੂੰ 12º ਦਾ ਸਫਰ ਤਹਿ ਕਰਨ ਦਾ ਸਮਾਂ ਵੀ ਵੱਧਦਾ ਘੱਟਦਾ ਰਹਿੰਦਾ ਹੈ। ਇਹ ਲੱਗ-ਭੱਗ 20.5 ਤੋਂ 26.5 ਘੰਟੇ ਦੇ ਦਰਮਿਆਨ ਹੁੰਦਾ ਹੈ। ਸੂਰਜ ਚੜਨ ਵੇਲੇ ਦੀ ਤਿੱਥ, ਉਸ ਦਿਨ ਦੀ ਤਿੱਥ ਗਿਣੀ ਜਾਂਦੀ ਹੈ। ਇਹ ਹੀ ਕਾਰਨ ਹੈ ਇਕ ਸੂਰਜੀ ਦਿਨ ਵਿੱਚ ਦੋ ਤਿੱਥਾਂ ਜਿਵੇ 21 ਫਰਵਰੀ 2023 ਈ: ਨੂੰ (ਫੱਗਣ ਸੁਦੀ ਏਕਮ ਅਤੇ ਦੂਜ) ਇਕ ਦਿਨ ਹੀ ਸਨ, ਅਤੇ ਦੋ ਸੂਰਜੀ ਦਿਨਾਂ ਵਿਚ ਚੰਦ ਦੀ ਇਕ ਤਿੱਥ, (2 ਅਤੇ 3 ਮਾਰਚ ਨੂੰ ਫੱਗਣ ਸੁਦੀ ਇਕਾਦਸ਼ੀ) ਅਕਸਰ ਹੀ ਆ ਜਾਂਦੀਆਂ ਹਨ। ਸਿੱਖ ਇਤਿਹਾਸ ਦੇ ਕਈ ਦਿਹਾੜੇ ਇਸ ਅਨੁਸਾਰ ਦਰਜ ਹਨ ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7 ਸੰਮਤ 1723 ਬਿਕ੍ਰਮੀ।ਚੰਦ ਦੇ ਸਧਾਰਨ ਸਾਲ ਵਿਚ 354 ਦਿਨ ਹੁੰਦੇ ਹਨ। 19 ਸਾਲਾਂ ਵਿੱਚ 7 ਸਾਲ ਅਜੇਹੇ ਹੁੰਦੇ ਹਨ ਜਿਨ੍ਹਾਂ ਵਿੱਚ ਚੰਦ ਦੇ ਸਾਲ ਵਿੱਚ 384 ਦਿਨ ਹੁੰਦੇ ਹਨ।

ਤਾਰੀਖ:- ਅੰਗਰੇਜੀ ਕੈਲੰਡਰ ਦੇ ਦਿਨਾਂ ਦੀ ਗਿਣਤੀ ਤਾਰੀਖ਼ਾਂ ਵਿੱਚ ਕੀਤੀ ਜਾਂਦੀ ਹੈ। ਅੰਗਰੇਜਾਂ ਦੇ ਆਉਣ ਤੋਂ ਪਿਛੋਂ, ਬਿਕ੍ਰਮੀ ਕੈਲੰਡਰ ਦੀਆਂ ਤਾਰੀਖਾਂ (ਤਿੱਥਾਂ ਅਤੇ ਪ੍ਰਵਿਸ਼ਟੇ) ਨੂੰ ਅੰਗਰੇਜੀ ਤਾਰੀਖ਼ਾਂ ਵਿੱਚ ਲਿਖਣ ਦਾ ਰਿਵਾਜ ਚੱਲ ਪਿਆ ਸੀ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 22 ਦਸੰਬਰ 1666ਈ: ਜੂਲੀਅਨ। ਜੂਲੀਅਨ ਸਾਲ ਦੀ ਲੰਬਾਈ 365.25 ਦਿਨ ਸੀ। ਅਕਤੂਬਰ 1582 ਈ: ਵਿੱਚ ਇਸ ਕੈਲੰਡਰ ਵਿੱਚ ਸੋਧ ਕੀਤੀ ਗਈ ਸੀ ਅਤੇ ਸਾਲ ਦੀ ਲੰਬਾਈ 365.2425 ਦਿਨ ਮੰਨ ਲਈ ਗਈ। ਇੰਗਲੈਂਡ ਨੇ ਇਸ ਸੋਧ ਨੂੰ ਸਤੰਬਰ 1752 ਈ: ਵਿਚ ਮਾਨਤਾ ਦਿੱਤੀ ਸੀ।

ਪ੍ਰਵਿਸ਼ਟਾ:- ਸੂਰਜੀ ਬਿਕ੍ਰਮੀ ਕੈਲੰਡਰ ਦੇ ਦਿਨਾਂ ਦੀ ਗਿਣਤੀ ਪ੍ਰਵਿਸ਼ਟਿਆਂ ਵਿੱਚ ਕੀਤੀ ਜਾਂਦੀ ਹੈ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 23 ਪੋਹਸੰਮਤ 1723 ਬਿਕ੍ਰਮੀ। ਗੁਰੂ ਕਾਲ ਵੇਲੇ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਦੇ ਸਾਲ ਦੀ ਲੰਬਾਈ 365.2587 ਦਿਨ ਸੀ 1964 ਈ: ਵਿੱਚ ਹਿੰਦੂ ਵਿਦਵਾਨਾਂ ਵਲੇ ਕੀਤੀ ਗਈ ਸੋਧ ਮੁਤਾਬਕ ਇਸ ਸਾਲ ਦੀ ਲੰਬਾਈ 365.2563 ਦਿਨ ਮੰਨ ਲਈ ਗਈ ਸੀ। ਹੁਣ ਇਸ ਨੂੰ ਦ੍ਰਿਕ ਗਣਿਤ ਸਿਧਾਂਤ ਕਹਿੰਦੇ ਹਨ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਕੈਲੰਡਰ ਵਿੱਚ ਤਿੰਨ ਵੱਖ-ਵੱਖ ਕੈਲੰਡਰਾਂ ਮੁਤਾਬਕ ਤਾਰੀਖਾਂ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ ਪਰ ਦਰਜ ਪ੍ਰਵਿਸ਼ਟਿਆਂ ਵਿੱਚ ਹੀ ਕੀਤੀਆਂ ਜਾਂਦੀਆਂ ਹਨ। ਇਹ ਹੀ ਕਾਰਨ ਹੈ ਕਿ ਹਰ ਸਾਲ ਚੰਦ ਮੁਤਾਬਕ ਨਿਰਧਾਰਤ ਕੀਤੀਆਂ ਤਾਰੀਖਾਂ ਤਾਂ ਬਦਲਣੀਆਂ ਹੀ ਹਨ, ਸੂਰਜੀ ਕੈਲੰਡਰਾਂ ਦੇ ਪ੍ਰਵਿਸ਼ਟੇ ਅਤੇ ਤਾਰੀਖਾਂ ਵੀ ਬਦਲ ਜਾਂਦੀਆਂ ਹਨ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਦੋ ਬੇੜੀਆਂ ਦਾ ਸਵਾਰ ਪਾਰ ਨਹੀਂ ਲੱਗਦਾ। ਸ਼੍ਰੋਮਣੀ ਕਮੇਟੀ ਤਾਂ ਆਪ ਮੰਨਦੀ ਹੈ ਕਿ ਉਹ ਤਿੰਨ ਬੇੜੀਆਂ ਦੀ ਸਵਾਰ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਸੰਮਤ 555, ਦੇ ਨਾਮ ਹੇਠ ਛਾਪੇ ਗਏ ਕੈਲੰਡਰ ਨੂੰ ਇਸ ਸਾਲ ਆ ਰਹੀਆਂ ਤਿੰਨ ਸ਼ਤਾਬਦੀਆਂ ਨੂੰ ਸਮਰਪਿਤ ਕੀਤਾ ਗਿਆ ਹੈ। ਇਨ੍ਹਾਂ'ਚ ਇਕ ਹੈ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ। ਕੈਲੰਡਰ ਵਿੱਚ ਇਹ ਦਿਹਾੜਾ 5 ਮਈ (22 ਵੈਸਾਖ) ਦਾ ਦਰਜ ਹੈ। ਵੱਖ-ਵੱਖ ਵਸੀਲਿਆਂ ਤੋਂ ਮਿਲੀ ਜਾਣਕਾਰੀ ਮੁਤਾਬਕਸ. ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ 5 ਮਈ 1723 ਈ: (ਜੂਲੀਅਨ) ਨੂੰ ਹੋਇਆ ਸੀ। ਹੁਣ ਸ਼੍ਰੋਮਣੀ ਕਮੇਟੀ ਵੀ ਇਸੇ ਤਾਰੀਖ ਮੁਤਾਬਕ ਭਾਵ 5 ਮਈ ਨੂੰ, ਅੰਗਰੇਜੀ ਤਾਰੀਖ ਮੁਤਾਬਕ ਹੀ ਤੀਜੀ ਜਨਮ ਸ਼ਤਾਬਦੀ ਮਨਾ ਰਹੀ ਹੈ। ਇਹ ਘੋੜੇ ਚੜ੍ਹੀ ਸਚਾਈ ਹੈ ਕਿ ਜੂਲੀਅਨ ਕੈਲੰਡਰ ਕਦੇ ਵੀ ਆਪਣੇ ਦੇਸ਼ ਵਿਚ ਲਾਗੂ ਨਹੀਂ ਹੋਇਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਕੈਲੰਡਰ ਕਦੇ ਲਾਗੂ ਹੀ ਨਹੀਂ ਹੋਇਆ, ਉਸ ਵਿੱਚ ਇਤਿਹਾਸ ਕਿਵੇਂ ਲਿਖਿਆ ਜਾ ਸਕਦਾ ਹੈ? ਜਦੋਂ 5 ਮਈ 1723 ਈ: ਜੂਲੀਅਨ ਨੂੰ, ਆਪਣੇ ਖਿੱਤੇ ਵਿੱਚ ਲਾਗੂ ਕੈਲੰਡਰ ਵਿੱਚ ਵੇਖੀਏ ਤਾਂ ਇਹ 7 ਜੇਠ ਸੰਮਤ 1780 ਬਿਕ੍ਰਮੀ ਬਣਦੀ ਹੈ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਇਸ ਸਾਲ 7 ਜੇਠ, 21 ਮਈ ਨੂੰ ਆਉਂਦੀ ਹੈ। ਪਰ ਸ਼੍ਰੋਮਣੀ ਕਮੇਟੀ ਇਹ ਦਿਹਾੜਾ 5 ਮਈ ਨੂੰ ਮਨਾ ਰਹੀ ਹੈ। ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਜੱਸਾ ਸਿੰਘ ਆਹਲੂਵਾਲੀਆਂ ਦਾ ਜਨਮ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ ਹਰ ਸਾਲ 5 ਜੇਠ ਨੂੰ ਹੀ ਮਨਾਉਂਦੀ ਹੈ। ਯਾਦ ਰਹੇ ਸ. ਜੱਸਾ ਸਿੰਘ ਆਹਲੂਵਾਲੀਆਂ ਦਾ ਜਨਮ 5 ਜੇਠ ਸੰਮਤ 1775 ਬਿਕ੍ਰਮੀ ਨੂੰ ਹੋਇਆ ਸੀ। ਜੇ ਇਸ ਦਿਨ ਦੀ ਜੂਲੀਅਨ ਤਾਰੀਖ ਵੇਖੀਏ ਤਾਂ ਇਹ 3 ਮਈ 1718 ਈ: ਬਣਦੀ ਹੈ। ਪਰ ਸ਼੍ਰੋਮਣੀ ਕਮੇਟੀ ਇਹ ਦਿਹਾੜਾ 3 ਮਈ ਨੂੰ ਨਹੀਂ, ਹਰ ਸਾਲ 5 ਜੇਠ ਨੂੰ ਮਨਾਉਂਦੀ ਹੈ।ਅਕਾਲੀ ਫੂਲਾ ਸਿੰਘ ਦਾ ਸ਼ਹੀਦੀ ਦਿਹਾੜਾ 14 ਮਾਰਚ /1 ਚੇਤ ਨੂੰ ਮਨਾ ਰਹੀ ਹੈ, ਜਦੋਂ ਕਿ ਉਨ੍ਹਾਂ ਦੀ ਸ਼ਹੀਦੀ 3 ਚੇਤ ਨੂੰ ਹੋਈ ਸੀ। ਸਾਕਾ ਨਨਕਾਣਾ ਸਾਹਿਬ 9 ਫੱਗਣ/21 ਫਰਵਰੀ ਦਾ ਦਰਜ ਹੈ। ਨਾ ਤਾਂ ਉਸ ਦਿਨ 9 ਫੱਗਣ ਸੀ ਅਤੇ ਨਾ ਹੀ 21 ਫਰਵਰੀ, ਇਹ ਸਾਕਾ ਤਾਂ 10 ਫੱਗਣ ਮੁਤਾਬਕ 20 ਫਰਵਰੀ ਨੂੰ ਵਾਪਰਿਆ ਸੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਕੀ ਮਜ਼ਬੂਰੀ ਹੈ ਕਿ ਉਹ ਸ. ਜੱਸਾ ਸਿੰਘ ਆਹਲੂਵਾਲੀਆਂ ਦਾ ਜਨਮ ਦਿਹਾੜਾ ਤਾਂ ਪ੍ਰਵਿਸ਼ਟਿਆਂ ਮੁਤਾਬਕ ਮਨਾਉਂਦੀ ਹੈ ਪਰ ਸ. ਜੱਸਾ ਸਿੰਘ ਰਾਮਗੜ੍ਹੀਏ ਦਾ ਜਨਮ ਦਿਹਾੜਾ ਅੰਗਰੇਜੀ ਤਾਰੀਖ ਮੁਤਾਬਕ? ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਤਿੱਥ (ਵਦੀ-ਸੁਦੀ) ਮੁਤਾਬਕ, ਪਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ? ਗੁਰੂ ਗ੍ਰੰਥ ਸਾਹਿਬ ਦੀ ਦਾ ਸੰਪੂਰਨਤਾ ਦਿਵਸ ਪ੍ਰਵਿਸ਼ਟਿਆਂ ਮੁਤਾਬਕ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਵਦੀ-ਸੁਦੀ (ਤਿੱਥ) ਮੁਤਾਬਕ? ਹੋਲਾ ਮਹਲਾ ਵਦੀ-ਸੁਦੀ ਮੁਤਾਬਕ ਅਤੇ ਵੈਸਾਖੀ ਪ੍ਰਵਿਸ਼ਟਿਆਂ ਮੁਤਾਬਕ? ਬਾਬਾ ਬੰਦਾ ਬਹਾਦਰ ਜੀ ਵੱਲੋਂ ਸਰਹਿੰਦ ਤੇ ਫ਼ਤਿਹ ਦਿਵਸ ਤਾਰੀਖਾਂ ਮੁਤਾਬਕ ਅਤੇ ਬਾਬਾ ਬੰਦਾ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ?

ਹੁਣ ਸਵਾਲ ਪੈਦਾ ਹੁੰਦਾ ਹੈ ਕਿਸ਼੍ਰੋਮਣੀ ਕਮੇਟੀ, ਸਾਰੇ ਦਿਹਾੜੇ ਆਪਣੇ ਕੈਲੰਡਰ ਮੁਤਾਬਕ ਭਾਵ ਪ੍ਰਵਿਸ਼ਟਿਆਂ ਮੁਤਾਬਕ ਹੀ ਕਿਉ ਨਹੀਂ ਮਨਾਉਂਦੀ? ਕੀ ਸ਼੍ਰੋਮਣੀ ਕਮੇਟੀ ਨੂੰ ਖ਼ੁਦ ਜਾਂ ਉਸ ਦੇ ਸਲਾਹਕਾਰਾਂ ਨੂੰ ਇਹ ਸੋਝੀ ਨਹੀਂ ਹੈ ਜਾਂ ਕਿਸੇ ਗਿਣੀ-ਮਿਥੀ ਸ਼ਾਜਿਸ ਤਹਿਤ ਜਾਣ ਬੁਝ ਕੇ ਭੰਵਲਭੂਸਾ ਪੈਦਾ ਕਰ ਰਹੀ ਹੈ?

| ਸੰਮਤ | ਸਾਕਾ ਨਨਕਾਣਾ ਸਾਹਿਬ | | ਜੈਤੋ ਦਾ ਮੋਰਚਾ | |
|---|---|---|---|---|
| | ਪ੍ਰਵਿਸ਼ਟਾ | ਤਾਰੀਖ | ਪ੍ਰਵਿਸ਼ਟਾ | ਤਾਰੀਖ |
| 546 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 547 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 548 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 549 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 550 | 10 ਫੱਗਣ | 22 ਫਰਵਰੀ | 10 ਫੱਗਣ | 22 ਫਰਵਰੀ |
| 551 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 552 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 553 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 554 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 555 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |


**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੈਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# .Ck Auto.

## CK AUTO SERVICES LTD.




ਅਸੀਂ ਮੈਚਲਿਨ ਅਤੇ ਬਰਿੱਜ ਸਟੋਨ ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

SALE

BUY 4 TIRES & GET ALLIGNMENT AT 1/2 PRICE
FLAT TYRE REPAIR FREE

40% off

**Clearance Sale**
*Limited Quantity

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ

ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

On All Seasons & Winter Tires
(Auplus & Comforser)




215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00




215/70R15
GOOD YEAR INTEGRITY
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

Cell: 778-322-1610, Tel: 604-592-2667 #106-13112-84th Ave.,Surrey



# NEXTRUX TRANSPORT LTD

## DRIVERS WANTED/ਡਰਾਈਵਰਾਂ ਦੀ ਲੋੜ

- Driver & Owner Operators wanted
- US and Canada Wide
- Dedicated Drivers Required
- All facilities available




- ਡਰਾਈਵਰਾਂ ਅਤੇ ਓਨਰ ਉਪਰੇਟਰ ਦੀ ਲੋੜ ਹੈ
- ਓਨਰ ਉਪਰੇਟਰ ਪਰ ਮੀਲ ਅਤੇ ਰੇਵਿਨਉ ਤੇ ਕੰਮ ਕਰ ਸਕਦੇ ਹਨ
- ਪੂਰੇ ਅਮਰੀਕਾ ਅਤੇ ਕੈਨੇਡਾ ਵਿੱਚ ਕੰਮ
- ਸਾਰੀਆਂ ਸਹੂਲਤਾਂ ਉਪਲੱਬਧ ਹਨ

Phone : 604-503-3338 / FAX : 1844-269-9722 EMAIL:info@nextrux.com

Add#111, 6638 152A Street, Surrey BC, V3S 5X5

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥ ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥

# ਖਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ

## ਸਾਲ 2023-2025 ਦੀ ਪ੍ਰਬੰਧਕ ਕਮੇਟੀ ਲਈ 5 ਮਾਰਚ, 2023 ਦਿਨ ਐਤਵਾਰ ਨੂੰ ਹੋਣ ਵਾਲੀਆਂ ਚੋਣਾਂ ਲਈ

## ਵੋਟਾਂ ਦਾ ਸਮਾਂ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ

**ਸਥਾਨ: ਗੁਰਦਵਾਰਾ ਖਾਲਸਾ ਦੀਵਾਨ ਸੋਸਾਇਟੀ 33094 ਸਾਊਥ ਫਰੇਜ਼ਰ ਵੇਅ, ਐਬਟਸਫੋਰਡ**

**ਗੁਰਦੁਆਰਾ ਸਾਹਿਬ ਨੂੰ ਸ਼ਾਂਤੀ ਤੇ ਸਿੱਖੀ ਦੇ ਪ੍ਰਸਾਰ ਦਾ ਕੇਂਦਰ ਬਣਾਉਣ ਲਈ**
**ਸਰਬ-ਸਾਂਝੀ ਸੇਵਾਦਾਰਾਂ ਦੀ ਸਲੇਟ ਨੂੰ ਵੋਟਾਂ ਪਾ ਕੇ ਕਾਮਯਾਬ ਬਣਾਓ ਜੀ**


ਸ੍ਰ: ਸੁਰਿੰਦਰਪਾਲ ਸਿੰਘ ਗਰੇਵਾਲ


ਸ੍ਰ: ਰਾਜਵਿੰਦਰ ਸਿੰਘ ਫਿਲੋਰਾ (ਰਿੱਕੀ)


ਸ੍ਰ: ਜਤਿੰਦਰ ਸਿੰਘ ਗਿੱਲ (ਹੈਪੀ ਗਿੱਲ)


ਸ੍ਰ: ਗੁਰਮਿੰਦਰ ਸਿੰਘ ਸੇਖੋ


ਸ੍ਰ:ਸੁਖਵਿੰਦਰ ਸਿੰਘ ਫੰਗੁੜਾ


ਸ੍ਰ: ਜਗਤਾਰ ਸਿੰਘ ਚਾਹਿਲ


ਸ੍ਰ: ਹਰਪ੍ਰੀਤ ਸਿੰਘ ਕੰਗ

## ਈਮਾਨਦਾਰ, ਬੇਦਾਗ, ਨਿਰਪੱਖ, ਮਿਹਨਤੀ, ਸੂਝਵਾਨ ਤੇ ਸੇਵਾਦਾਰ ਉਮੀਦਵਾਰ

| | | |
|---|---|---|
| President ਪ੍ਰਧਾਨ | | |
| S. Jatinder Singh Gill (Happy Gill ) ਸ੍ਰ: ਜਤਿੰਦਰ ਸਿੰਘ ਗਿੱਲ (ਹੈਪੀ ਗਿੱਲ ) | 1-604 -832- 4000 | ✓ |
| Vice-President ਮੀਤ ਪ੍ਰਧਾਨ | | |
| S. Rajwinder Singh Flora (Ricky) ਸ੍ਰ: ਰਾਜਵਿੰਦਰ ਸਿੰਘ ਫਿਲੋਰਾ (ਰਿੱਕੀ) | 1-604 -832- 0687 | ✓ |
| Secretary ਸੈਕਟਰੀ | | |
| S. Gurminder Singh Sekhon ਸ੍ਰ: ਗੁਰਮਿੰਦਰ ਸਿੰਘ ਸੇਖੋ | 1-604-832-0883 | ✓ |
| Assistant Secretary ਸ਼ਹਾਇਕ ਸੈਕਟਰੀ | | |
| S. Sukhvinder Singh Phangura ਸ੍ਰ:ਸੁਖਵਿੰਦਰ ਸਿੰਘ ਫੰਗੁੜਾ | 1-778- 552-0939 | ✓ |
| Recording Secretary ਰੀਕਾਰਡਿੰਗ ਸੈਕਟਰੀ | | |
| S. Harpreet Singh Kang ਸ੍ਰ: ਹਰਪ੍ਰੀਤ ਸਿੰਘ ਕੰਗ | 1-604-866-9983 | ✓ |
| Treasurer ਖਜ਼ਾਨਚੀ | | |
| S. Surinderpal Singh Grewal ਸ੍ਰ: ਸੁਰਿੰਦਰਪਾਲ ਸਿੰਘ ਗਰੇਵਾਲ | 1-778-908-0789 | ✓ |
| Assistant Treasurer ਸਹਾਇਕ ਖਜ਼ਾਨਚੀ | | |
| S. Jagtar Singh Chahal ਸ੍ਰ: ਜਗਤਾਰ ਸਿੰਘ ਚਾਹਿਲ | 1-604-832-8481 | ✓ |
| Director ਡਾਇਰੈਕਟਰ | | |
| S.Gurpreet Singh Brar ਸ੍ਰ:ਗੁਰਪ੍ਰੀਤ ਸਿੰਘ ਬਰਾੜ | 1-604-807-1323 | ✓ |
| Director ਡਾਇਰੈਕਟਰ | | |
| S. Ranjit Singh Sandhu ਸ੍ਰ: ਰਣਜੀਤ ਸਿੰਘ ਸੰਧੂ | 1-778-598-1970 | ✓ |
| Director ਡਾਇਰੈਕਟਰ | | |
| S. Mantej Singh Grewal ਸ੍ਰ: ਮਨਤੇਜ ਸਿੰਘ ਗਰੇਵਾਲ | 1-778-549-8162 | ✓ |
| Director ਡਾਇਰੈਕਟਰ | | |
| S. Harjot Singh Sandhu ਸ੍ਰ: ਹਰਜੋਤ ਸਿੰਘ ਸੰਧੂ | 1-778-240-9959 | ✓ |
| Director ਡਾਇਰੈਕਟਰ | | |
| S. Gurdeep Singh Chohan ਸ੍ਰ: ਗੁਰਦੀਪ ਸਿੰਘ ਚੋਹਾਨ | 1-778-245-2039 | ✓ |
| Director ਡਾਇਰੈਕਟਰ | | |
| S.Gurmeet Singh Sidhu ਸ੍ਰ: ਗੁਰਮੀਤ ਸਿੰਘ ਸਿੱਧੂ | 1-778-552-8460 | ✓ |


ਸ੍ਰ:ਮਨਤੇਜ ਸਿੰਘ ਗਰੇਵਾਲ


ਸ੍ਰ:ਗੁਰਪ੍ਰੀਤ ਸਿੰਘ ਬਰਾੜ


ਸ੍ਰ: ਗੁਰਦੀਪ ਸਿੰਘ ਚੋਹਾਨ


ਸ੍ਰ: ਰਣਜੀਤ ਸਿੰਘ ਸੰਧੂ


ਸ੍ਰ: ਗੁਰਮੀਤ ਸਿੰਘ ਸਿੱਧੂ


ਸ੍ਰ: ਹਰਜੋਤ ਸਿੰਘ ਸੰਧੂ

**ਮਜੂਦਾ ਕਮੇਟੀ ਵਲੋਂ ਗੁਰਦਵਾਰਾ ਸਾਹਿਬ ਦੇ ਇੱਕ ਮੀਲੀਅਨ ਡਾਲਰ ਦੇ ਕਰਜ਼ੇ ਲਾਹੇ ਗਏ ਹਨ, ਅਤੇ ਇਕ ਮੀਲੀਅਨ ਡਾਲਰ ਦੇ ਕੰਮ ਵੀ ਕੀਤੇ ਗਏ ਹਨ, ਅੱਗੇ ਤੋਂ ਕਿਸੇ ਕੰਮ ਲਈ ਕੋਈ ਕਰਜ਼ਾ ਨਹੀਂ ਲਿਆ ਜਾਵੇਗਾ।**

ਜਰੂਰੀ ਜਾਣਕਾਰੀ :-
ਮੌਜੂਦਾ ਕਮੇਟੀ ਨੇ ਦੂਸਰੀ ਸਲੇਟ ਪੈਦਾ ਕਰਨ ਵਾਲੇ ਸੱਜਣਾ ਨੂੰ ਬੇਨਤੀ ਕਰਨ ਲਈ ਦੋ ਨਿਰਪੱਖ ਵਿਅਕਤੀਆਂ ਨੂੰ ਭੇਂਜ ਕੇ ਹੇਠ ਲਿਖੀਆਂ ਸ਼ਰਤਾਂ ਤੇ ਨਿਰਭਰ ਇਹ ਬੇਨਤੀ ਕੀਤੀ ਸੀ। ਕਿ ਗੁਰਦੁਆਰਾ ਸਾਹਿਬ ਦਾ ਸੰਗਤਾਂ ਦਾ ਸਾਝਾਂ ਪੈਸਾ, ਇਲੈਕਸ਼ਨ ਤੇ ਖਰਚ (Waste) ਕਰਨ ਦੀ ਬਜਾਏ ਸਰਬ ਸੰਮਤੀ ਨਾਲ ਕੋਈ ਵੀ ਸਾਂਝੀ ਕਮੇਟੀ ਬਣਾ ਲਓ ਅਸੀ (ਮੌਜੂਦਾ ਕਮੇਟੀ) ਕੋਈ ਸਲੇਟ ਖੜੀ ਨਹੀ ਕਰੇਗੀ।
ਪਰ ਹੇਠ ਲਿਖੀਆਂ ਗੱਲਾਂ ਤੇ ਸਹਿਮਤ ਹੋ ਜਾਓ।
ਗੁਰੂ ਘਰ ਤੇ ਅੱਗੇ ਤੋਂ ਸੰਗਤ ਦੀ ਪੂਰੀ ਸਹਿਮਤ ਤੋ ਬਿਨਾਂ ਕੋਈ ਕਰਜ਼ਾ ਨਹੀ ਚੱਕਿਆ ਜਾਵੇਗਾ।
ਗੁਰੂ ਘਰ ਦੀ ਪੂਰਬੀ (East Side) ਪਾਰਕਿੰਗ ਵਿਚ ਗੁਆਂਢੀ ਬਿਲਡਿੰਗ ਵੱਲੋਂ ਕੋਈ ਵੀ ਸਰੀਏ ਧੱਕਣ (For Shoring to build 2 story a high rise bulding) ਦੀ ਇਜਾਜਤ ਨਹੀ ਦਿੱਤੀ ਜਾਵੇਗੀ।
ਭਵਿੱਖ ਵਿਚ ਨਵੀ ਕਮੇਟੀ ਗੁਰੂ ਘਰ ਦੇ ਮੌਜੂਦਾ ਸੰਵਿਧਾਨ ਨੂੰ ਬਦਲ ਕਿ ਫਿਊਨਲ ਹਾਲ (River Side corporation) ਦੀ ਤਰ੍ਹਾਂ ਦਾ ਸੰਵਿਧਾਨ ਬਣਾ ਕੇ ਗੁਰੂ ਘਰ ਦਾ ਕਾਰਜ ਕਾਰ ਸੋਖਾ ਕਰਿਆ ਜਾਵੇ ।
ਗੁਰੂ ਘਰ ਦੀ ਪਾਰਕਿੰਗ ਲਾਟ ਵਿਚ ਸੀਨੀਅਰ ਕੇਅਰ ਸੈਂਟਰ ਬਣਾਉਣ ਦੀ ਤਜਵੀਜ ਨੂੰ ਮੰਜੂਰੀ ਨਾ ਦਿੱਤੀ ਜਾਵੇ।

## 2012-2023 ਗੁਰਦੁਆਰਾ ਸਾਹਿਬ ਜੀ ਦੇ ਕੀਤੇ ਕੰਮਾਂ ਦਾ ਵੇਰਵਾ :

1. ਗੁਰਦੁਆਰਾ ਸਾਹਿਬ ਦਾ ਸਟੱਕੋ ਦਾ ਕੀਤਾ ਗਿਆ ਕੰਮ ਜਿਸ ਤੇ ਕੁੱਲ / 1,50,000 (ਇਕ ਲੱਖ ਪੰਜਾਹ ਹਜਾਰ ਡਾਲਰ) ਖਰਚ ਆਇਆ ।
2. ਗੁਰਦੁਆਰਾ ਸਾਹਿਬ ਦੀ ਕਾਰ ਪਾਰਕਿੰਗ ਨਵੀਂ ਲੁਕ ਪਾਈ ਗਈ ਜਿਸ ਤੇ / 1,50,000 (ਇਕ ਲੱਖ ਪੰਜਾਹ ਹਜਾਰ ਡਾਲਰ) ਖਰਚ ਆਇਆ
3. ਗੁਰਦੁਆਰਾ ਸਾਹਿਬ ਅਤੇ ਹੈਰੀਟੇਜ ਗੁਰਦੁਆਰਾ ਦੋਨੋ ਇਨਸਾਇਡ ਪੇਂਟ / 45,000 (ਪੰਜਤਾਲੀ ਹਜਾਰ ਡਾਲਰ) ਖਰਚ ਆਇਆ ।
4. ਗੁਰਦੁਆਰਾ ਸਾਹਿਬ ਦਾ ਸਪੀਕਰ ਸਿਸਟਮ / 58,000 (ਅਠਵੰਜਾ ਹਜਾਰ ਡਾਲਰ) ਖਰਚ ਆਇਆ ।
5. ਗੁਰਦੁਆਰਾ ਸਾਹਿਬ ਦੇ ਕੈਮਰੇ / 40,000 (ਚਾਲੀ ਹਜਾਰ ਡਾਲਰ) ਖਰਚ ਆਇਆ ।
6. ਗੁਰਦੁਆਰਾ ਸਾਹਿਬ ਲੰਗਰ ਲਈ ਰੋਟੀਆਂ ਵਾਲੀ ਮਸ਼ੀਨ ਇੰਡੀਆ ਦਾ 5,00,000 (ਪੰਜ ਲੱਖ ਰੁਪਏ) ਖਰਚ ਆਇਆ
7. ਗੁਰਦੁਆਰਾ ਸਾਹਿਬ ਲੰਗਰ ਵਾਸਤੇ ਭਾਂਡੇ ਇੰਡੀਆ 7,00,000 (ਸੱਤ ਲੱਖ ਰੁਪਏ) ਖਰਚ ਆਇਆ
8. ਗੁਰਦੁਆਰਾ ਸਾਹਿਬ ਲਈ ਗੁੰਮਟ ਇੰਡੀਆ 28,00,000 (ਅਠਾਈ ਲੱਖ ਰੁਪਏ) ਖਰਚ ਆਇਆ
9. ਗੁਰਦੁਆਰਾ ਸਾਹਿਬ ਵਿਆਹ ਦੇ ਮਿਲਣੀ ਲਈ ਇਕ ਕਨੈਪੀ $70,000 (ਸਤੱਰ ਹਜਾਰ) ਖਰਚ ਆਇਆ
10. ਗੁਰਦੁਆਰਾ ਸਾਹਿਬ ਵਿਚ 16 ਏ.ਸੀ. ਅਤੇ ਹੀਟ ਸਿਸਟਮ ਲਾਇਆ ਗਿਆ। ਜਿਸ ਤੇ / 1,15,000 (ਇਕ ਲੱਖ ਪੰਦਰਾਂ ਹਜਾਰ ਡਾਲਰ) ਖਰਚ ਆਇਆ।
11. ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਦੀ ਸਫਾਈ ਲਈ ਮਸ਼ੀਨ / 11,000 (ਗਿਆਰਾ ਹਜਾਰ ਡਾਲਰ) ਖਰਚ ਆਇਆ ।
12. ਗੁਰਦੁਆਰਾ ਸਾਹਿਬ ਦੀ ਰਸੋਈ ਦੀ ਰੈਨੋਵੇਸ਼ਨ ਤੇ / 20,000 (ਵੀਹ ਹਜਾਰ ਡਾਲਰ) ਖਰਚ ਆਇਆ ।
13. ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਦੇ ਨਵੇਂ ਦਰਵਾਜਿਆਂ ਤੇ / 50,000 (ਪੰਜਾਹ ਹਜਾਰ ਡਾਲਰ) ਖਰਚ ਆਇਆ ।
14. ਗੁਰਦੁਆਰਾ ਸਾਹਿਬ ਦੇ ਸਕੂਲ ਦੀ ਨਵੀਂ ਛੱਤ ਤੇ / 30,000 (ਤੀਹ ਹਜਾਰ ਡਾਲਰ) ਖਰਚ ਆਇਆ ।
15. ਹੈਰੀਟੇਂਜ ਦੀ ਸਫਾਈ ਲਈ ਪੇਂਟ, ਲੈਂ ਸਕੇਪਿੰਗ, ਪ੍ਰੈਸਰ ਵਾਸ਼, ਜਿਸ ਤੇ ਕੁਲ ਖਰਚਾ 20-25 ਹਜਾਰ ਡਾਲਰ ਆਉਣਾ ਸੀ । ਉਹ ਟਰੇਡਮੈਨਾਂ ਦੇ ਸਹਿਯੋਗੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਫਰੀ ਕੀਤਾ ਗਿਆ । ਉਪਰੋਕਤ ਸਾਮਾਨ ਦਾ ਖਰਚ ਕਮੇਟੀ ਅਤੇ ਸੰਗਤ ਵੱਲੋਂ ਪੇਅ ਕੀਤਾ ਗਿਆ ਹੈ । 2012 ਵਿਚ ਇਸ ਕਮੇਟੀ ਨੇ ਚਾਰਜ ਲਿਆ ਤਾਂ ਉਸ ਸਮੇਂ ਗੁਰਦੁਆਰਾ ਸਾਹਿਬ ਤੇ / 12,00,000 / (ਬਾਰਾਂ ਲੱਖ ਡਾਲਰ)ਦਾ ਕਰਜਾ ਸੀ । ਹੁਣ ਤੋ ਲੈ ਕੇ 2022 ਤੱਕ / 12,00,000/ (ਬਾਰਾਂ ਲੱਖ ਡਾਲਰ) ਅਤੇ ਸਾਰੇ ਖਰਚੇ ਪੇਅ ਕਰਕੇ ਹੁਣ ਗੁਰਦੁਆਰਾ ਸਾਹਿਬ ਦੇ ਅਕਾਊਂਟ ਵਿਚ 1,30,000/- (ਇਕ ਲੱਖ ਤੀਹ ਹਜਾਰ ਡਾਲਰ) ਪਿਆ ਹੈ । ਸਾਰੇ ਖਰਚੇ ਪੇਅ ਕਰਕੇ ਹੁਣ ਗੁਰਦੁਆਰਾ ਸਾਹਿਬ ਤੇ ਕਿਸੇ ਕਿਸਮ ਦਾ ਕੋਈ ਲੋਨ ਨਹੀ ਹੈ ।

## ਗੁਰਦਵਾਰਾ ਸਾਹਿਬ ਦੀ ਸੇਵਾ ਮਿਲਣ ਤੋਂ ਬਾਅਦ ਵਾਲੇ ਕੰਮਾਂ ਦਾ ਵੇਰਵਾ:

1. ਗ੍ਰੰਥੀ ਸਿੰਘਾਂ ਦੀ ਰਿਹਾਇਸ਼ ਲਈ ਰੈਨੋਵੇਸ਼ਨ ਦਾ ਕੰਮ ਚਲ ਰਿਹਾ ਹੈ, ਬਹੁਤ ਜਲਦੀ ਕੰਮ ਪੂਰਾ ਹੋ ਜਾਵੇਗਾ।
2. ਗੁਰਦਵਾਰਾ ਸਾਹਿਬ ਦੇ ਪਿਛਲੇ ਲਾਟ ਪਈ ਹੈ, ਉਸ ਵਿੱਚ 3 ਮੰਜ਼ਿਲਾ ਬਿਲਡਿੰਗ ਬਣਾਈ ਜਾਵੇਗੀ ਜਿਸ ਵਿੱਚ ਇਕ ਫਲੋਰ ਬਜ਼ੁਰਗਾਂ ਲਈ ਦੂਜਾ ਫਲੋਰ ਬੀਬੀਆਂ ਲਈ ਅਤੇ ਤੀਜਾ ਫਲੋਰ ਲੋੜਵੰਦਾਂ ਲਈ ਰਿਹਾਇਸ਼ੀ ਕੰਮਰੇ ਬਣਾਏ ਜਾਣਗੇ। ਬਜ਼ੁਰਗਾਂ ਲਈ ਸੀਨੀਅਰ ਸੈਂਟਰ ਬਣਾਇਆ ਜਾਵੇਗਾ, ਇਸ ਲਈ ਫਮਡ ਰਾਖਵੇਂ ਰੱਖੇ ਗਏ ਹਨ।
3. ਕਿਚਨ ਦੀ ਰੈਨੋਵੇਸ਼ਨ ਕਰਕੇ ਇਸ ਨੂੰ ਵੱਡਾ ਕੀਤਾ ਜਾਵੇਗਾ, ਰੋਟੀਆਂ ਬਣਾਉਣ ਵਾਲੀ ਮਸ਼ੀਨ ਵੀ ਚਾਲੂ ਕੀਤੀ ਜਾਵੇਗੀ, ਭਾਡੇ ਧੋਣ ਵਾਲੀ ਮਸ਼ੀਨ ਵੱਡੀ ਕੀਤੀ ਜਾਵੇਗੀ।
4. ਛੋਟੇ ਪ੍ਰੋਗਰਾਮਾਂ ਲਈ ਦਰਬਾਰ ਹਾਲ ਅਤੇ ਕਿਚਨ ਬਣਾਈ ਜਾਵੇਗੀ।
5. ਪੰਜਾਬੀ, ਗੁਰਬਾਣੀ ਅਤੇ ਕੀਰਤਨ ਦੀਆਂ ਕਲਾਸਾਂ ਬਿਲਕੁਲ ਫਰੀ ਦਿੱਤੀਆਂ ਜਾਣਗੀਆਂ।
6. ਗੁਰੂ ਗ੍ਰੰਥ ਸਾਹਿਬ ਜੀ ਨੂੰ ਘਰ ਲੈਕੇ ਜਾਣ ਵਾਸਤੇ ਨਵੀਂ ਗੱਡੀ ਲਈ ਜਾਵੇਗੀ।
7. ਗੁਰਦਵਾਰਾ ਸਾਹਿਬ ਲਈ ਨਵੇਂ ਗੁੰਮਟਾਂ ਦਾ ਕੰਮ 22 ਫਰਵਰੀ 2023 ਤੋਂ ਸ਼ੁਰੂ ਹੋ ਜਾਵੇਗਾ
8. ਗੁਰਦਵਾਰਾ ਨੂੰ ਮਨਮੋਹਕ ਬਣਾਉਣ ਲਈ ਨਵੀ ਲੈਡਸਕੇਪਿੰਗ ਕੀਤੀ ਜਾਵੇਗੀ।
9. ਗੁਰਦਵਾਰਾ ਸਾਹਿਬ ਦੇ ਕਿਸੇ ਕੰਮ ਲਈ ਕੋਈ ਵੀ ਕਰਜ਼ਾ ਨਹੀ ਲਿਆ ਜਾਵੇਗਾ, ਸਾਰੇ ਕੰਮ ਸੰਗਤ ਦੇ ਸਹਿਯੋਗ ਕੀਤੇ ਜਾਣਗੇ।
10. ਗੁਰਦਵਾਰਾ ਸਾਹਿਬ ਦੇ ਨਾਲ ਲਗਦੀ ਪ੍ਰਾਪਰਟੀ ਵਾਲਿਆਂ ਨੂੰ ਸਰੀਆ ਪਾਉਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ।

ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*03 ਮਾਰਚ ਦਿਨ ਸ਼ੁੱਕਰਵਾਰ ਸ. ਸੁਖਵਿੰਦਰ ਸਿੰਘ ਬਾਠ ਦੇ ਗ੍ਰਹਿ ਵਿਖੇ ਅਖੰਡਪਾਠ ਸਾਹਿਬ ਹੋਣਗੇ।

*04 ਮਾਰਚ ਦਿਨ ਸ਼ਨਿਚਰਵਾਰ ਸ. ਮਨਜੀਤ ਸਿੰਘ ਸੰਧੂ ਪਰਿਵਾਰ ਵੱਲੋਂ ਅਨੰਦਕਾਰਜ ਦੀ ਰਸਮ ਹੋਵੇਗੀ।

*04 ਮਾਰਚ ਦਿਨ ਸ਼ਨਿਚਰਵਾਰ ਗੁਰੂਘਰ ਵਿਖੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*05 ਮਾਰਚ ਦਿਨ ਐਤਵਾਰ ਬੀਬੀ ਸਤਿੰਦਰ ਕੌਰ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਹੋਣਗੇ।

*05 ਮਾਰਚ ਦਿਨ ਐਤਵਾਰ ਹਫਤਾਵਾਰੀ ਵਿਸ਼ੇਸ਼ ਦੀਵਾਨ ਸਜਣਗੇ।

*06 ਮਾਰਚ ਦਿਨ ਸੋਮਵਾਰ ਸਵ. ਮਨਜੀਤ ਸਿੰਘ ਸੰਘੇੜਾ ਦੀ ਯਾਦ ਵਿਚ ਸਹਿਜਪਾਠ ਆਰੰਭ ਹੋਣਗੇ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ: 1. ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ 2. ਭਾਈ ਰੇਸ਼ਮ ਸਿੰਘ ਲੁਧਿਆਣੇ ਵਾਲੇ

*ਕਥਾ ਵਾਚਕ -ਭਾਈ ਮਨਜੀਤ ਸਿੰਘ ਚਕਰ

*ਕਵੀਸ਼ਰ ਭਾਈ ਵੀਰਭਾਨ ਸਿੰਘ ਮੌੜ ਮਾਲਵਾ

**ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ**

**ਗੁਰਦੁਆਰਾ ਸਾਹਿਬ:604-504-5530,**

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274

# ਸਾਰੇ ਦੇਸ਼ ਵਿਚ ਪੰਜਾਬ ਵਿਰੁੱਧ ਮਾਹੌਲ ਖੜਾ ਕੀਤਾ ਜਾ ਰਿਹੈ...

ਪਿਛਲੇ ਤਿੰਨ ਚਾਰ ਦਿਨਾਂ ਵਿਚ ਲਗਦਾ ਹੈ ਕਿ ਪੰਜਾਬ ਵਿਚ ਇਕ ਹਿੰਸਕ ਬੁਖ਼ਾਰ ਫੈਲਿਆ ਹੋਇਆ ਹੈ ਜਿਸ ਦੇ ਅਸਰ ਹੇਠ ਇਕ ਦੂਜੇ ਨੂੰ ਤਬਾਹ ਕਰਨ ਵਿਚ ਪੰਜਾਬੀ ਆਪ ਹੀ ਜੁਟੇ ਹੋਏ ਹਨ। ਸਿੱਧੂ ਮੂਸੇਵਾਲਾ ਦੇ ਪਿੰਡ ਵਿਚੋਂ ਖ਼ੁਸ਼ੀ ਦੀਆਂ ਖ਼ਬਰਾਂ ਆਈਆਂ ਜਦ ਉਸ ਦੇ ਕਤਲ ਦੀ ਸਾਜ਼ਸ਼ ਰਚਣ ਵਾਲੇ ਅਪਰਾਧੀ ਆਪਸ ਵਿਚ ਹੀ ਭਿੜ ਪਏ ਤੇ ਦੋ ਦੀ ਮੌਤ ਹੋ ਗਈ।

ਮੁੰਡਿਆਂ ਦੇ ਮਾਂ-ਬਾਪ ਨੂੰ ਸਾਜ਼ਿਸ਼ ਲਗਦੀ ਹੈ ਤੇ ਇਲਜ਼ਾਮ ਲੱਗੇ ਕਿ ਜੇਲ ਅਧਿਕਾਰੀਆਂ ਨੇ ਇਕ ਸਾਜ਼ਸ਼ ਅਧੀਨ ਮਾਰ ਦਿਤੇ। ਸਾਜ਼ਸ਼ ਨਾ ਵੀ ਹੋਵੇ ਪਰ ਲਾਪ੍ਰਵਾਹੀ ਤੇ ਅਣਗਹਿਲੀ ਦੇ ਸੰਕੇਤ ਬੜੇ ਸਪੱਸ਼ਟ ਹਨ। ਇਹ ਵੀ ਜਾਣਨਾ ਜ਼ਰੂਰੀ ਹੈ ਕਿ 25 ਅਪਰਾਧੀਆਂ ਦੀ ਬੈਰਕ ਵਿਚ ਸਰੀਆ ਕਿਉਂ ਰਖਿਆ ਗਿਆ ਸੀ ਅਤੇ ਇਨ੍ਹਾਂ ਮੌਤਾਂ ਤੋਂ ਬਾਅਦ ਵਿਦੇਸ਼ਾਂ ਵਿਚ ਸੁਰੱਖਿਅਤ ਬੈਠੇ ਗੈਂਗਸਟਰਾਂ ਨੇ ਹੋਰ ਕਤਲਾਂ ਦੀਆਂ ਚੇਤਾਵਨੀਆਂ ਦੇਣੀਆਂ ਕਿਉਂ ਸ਼ੁਰੂ ਕਰ ਦਿਤੀਆਂ ਜਿਸ ਕਾਰਨ ਪੰਜਾਬ ਦੀਆਂ ਚਿੰਤਾਵਾਂ ਹੋਰ ਵੱਧ ਗਈਆਂ।

ਅਜੇ ਕੁੱਝ ਦਿਨ ਪਹਿਲਾਂ ਅਜਨਾਲਾ ਵਿਚ 'ਵਾਰਸ' ਜਥੇਬੰਦੀ'ਤੇ ਰਾਸ਼ਟਰੀ ਮੀਡੀਆ ਨੇ ਪੰਜਾਬ ਨੂੰ ਮੁੜ ਤੋਂ ਆਤੰਕਵਾਦ ਤੇ ਖ਼ਾਲਿਸਤਾਨ ਨਾਲ ਜੋੜ ਕੇ ਪੱਕਾ ਕਰ ਦਿਤਾ ਸੀ ਕਿ ਪੰਜਾਬ ਵਿਚ ਇਕ ਧੇਲੇ ਦਾ ਨਿਵੇਸ਼ ਨਾ ਹੋ ਸਕੇ।

ਪਰ ਚਿੰਤਾ ਵਧਦੀ ਹੈ ਜਦੋਂ ਅੰਗਰੇਜ਼ੀ ਅਖ਼ਬਾਰਾਂ ਅਤੇ ਰਾਸ਼ਟਰੀ ਚੈਨਲਾਂ ਵਿਚ ਪੰਜਾਬ ਦੀ ਨੌਜੁਆਨੀ ਨੂੰ ਨਿਸ਼ਾਨਾ ਬਣਾ ਕੇ, ਪਾਕਿਸਤਾਨ ਜਾਂ ਵਿਦੇਸ਼ਾਂ ਤੋਂ ਪੈਸੇ ਲੈ ਕੇ ਪੰਜਾਬ ਵਿਚ ਖ਼ਾਲਿਸਤਾਨ ਦੀ ਲਹਿਰ ਦੀ ਸ਼ੁਰੂਆਤ ਕਰਨ ਦੇ ਇਲਜ਼ਾਮ ਲਗਣੇ ਸ਼ੁਰੂ ਹੋ ਜਾਂਦੇ ਹਨ। ਜਿਸ ਤਰ੍ਹਾਂ ਪਿਛਲੇ ਚਾਰ ਦਿਨਾਂ ਵਿਚ ਪੰਜਾਬ ਵਿਚ ਹਿੰਸਾ ਕਾਰਨ ਮੌਤਾਂ ਹੋਈਆਂ ਹਨ, ਹੱਥ ਅਤੇ ਉਂਗਲਾਂ ਵੱਢੀਆਂ ਜਾ ਰਹੀਆਂ ਹਨ, ਲਗਦਾ ਨਹੀਂ ਕਿ ਇਹ ਪ੍ਰਚਾਰ ਹੁਣ ਜਲਦੀ ਘੱਟ ਜਾਵੇਗਾ।ਸਾਡੇ ਅਪਣੇ ਨੌਜੁਆਨ ਨਿਰਾਸ਼ ਹਨ, ਇਹ ਬੇਬਸ ਹਨ ਜਾਂ ਇਨ੍ਹਾਂ 'ਚੋਂ ਕੁੱਝਸਿਆਸਤਦਾਨਾਂ ਦੇ ਪਿਆਦੇ ਬਣ ਜਾਂਦੇ ਹਨ।

ਜਦ ਕਿਸੇ ਇਕ ਨੂੰ ਵੀ ਮਰਦੇ ਵੇਖੀਦਾ ਹੈ, ਉਸ ਦੀ ਮੌਤ ਦਾ ਜਸ਼ਨ ਮਨਾਉਣਾ ਪੰਜਾਬੀਅਤ ਵਿਚ ਕਦੇ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਜੇ ਹੁਣ ਪੰਜਾਬ ਖੁਲ੍ਹ ਕੇ ਗੱਲ ਕਰਨ ਵਾਸਤੇ ਤਿਆਰ ਹੈ ਤਾਂ ਫਿਰ ਇਹ ਵੀ ਦਸ ਦਿਉ ਕਿ ਇਹ ਨੌਜੁਆਨ ਇਸ ਰਾਹ 'ਤੇ ਚੱਲੇ ਕਿਉਂ ਸਨ?

ਇਨ੍ਹਾਂ ਨੂੰ ਸਿਆਸਤਦਾਨਾਂ ਨੇ ਗੁੰਡਾ ਬਣਾਇਆ ਹੈ ਕਿਉਂਕਿ ਜਦੋਂ ਨੌਕਰੀਆਂ ਦੇਣੀਆਂ ਸਨ, ਉਸ ਵਕਤ ਇਨ੍ਹਾਂ ਨੂੰ ਨਸ਼ੇ ਤੇ ਸ਼ਰਾਬ ਦੇ ਵਪਾਰ ਵਿਚ ਪਾ ਦਿਤਾ। ਅਪਣੀਆਂ ਤਿਜੋਰੀਆਂ ਭਰਨ ਲਈ ਇਨ੍ਹਾਂ ਨੂੰ ਸਮਝਾਇਆ ਹੀ ਨਹੀਂ ਕਿ ਸਹੀ ਰਸਤਾ ਕਿਹੜਾ ਹੈ। ਇਹਨਾਂ ਨੂੰ ਸਕੂਲਾਂ ਵਿਚ ਉੱਚ ਸਿਖਿਆ ਤਾਂ ਕੀ ਦੇਣੀ ਹੈ, ਇਹਨਾਂ ਨੂੰ ਪੰਜਾਬੀ ਵੀ ਸਹੀ ਤਰੀਕੇ ਨਾਲ ਨਹੀਂ ਸਿਖਾਈ ਗਈ। ਪੰਜਾਬੀ ਤੇ ਸਿੱਖੀ ਸੋਚ ਦੀ ਜੋ ਬੇਕਦਰੀ ਪੰਜਾਬੀ ਨੌਜੁਆਨ ਕਰਦੇ ਹਨ, ਉਸ ਦਾ ਕਾਰਨ ਪੰਜਾਬ ਦੇ ਸਿੱਖ ਸਿਆਸਤਦਾਨ ਤੇ ਸਿੱਖ ਧਾਰਮਕ ਆਗੂ ਹਨ ਪਰ ਗੋਲੀਆਂ ਦਾ ਸ਼ਿਕਾਰ ਇਹ ਨੌਜੁਆਨ ਹੋਣਗੇ। ਉਨ੍ਹਾਂ ਨੂੰ ਤਾਂ ਸਿਰਫ਼ ਇਹ ਦਸਿਆ ਗਿਆ ਹੈ ਕਿ ਪੰਜਾਬ ਨਾਲ ਧੱਕਾ ਹੋਇਆ ਹੈ ਪਰ ਉਨ੍ਹਾਂ ਨੂੰ ਇਹ ਨਹੀਂ ਕਿਹਾ ਕਿ ਪੜ੍ਹ ਲਿਖ ਕੇ ਐਨੇ ਤਾਕਤਵਰ ਬਣੋ ਕਿ ਪੰਜਾਬ ਦੀ ਹਰ ਲੜਾਈ ਸਿਆਣਪ ਨਾਲ ਜਿੱਤ ਸਕੋ। ਨੌਜੁਆਨਾਂ ਨੂੰ ਭੇਡਾਂ ਬਣਾਇਆ ਗਿਆ ਤੇ ਆਪਸ ਵਿਚ ਲੜਾ ਕੇ ਅਪਣੇ ਨਿਜੀ ਫ਼ਾਇਦੇ ਮੁੱਛੇ ਜਾਂਦੇ ਹਨ।ਇਸ ਵਿਚ ਕੁੱਝ ਨੌਜੁਆਨ ਤਾਂ ਵਾਪਸ ਮੁੜਨ ਜੋਗੇ ਨਹੀਂ ਰਹੇ ਪਰ ਕੁੱਝ ਅਜੇ ਵੀ ਵਾਪਸ ਆ ਸਕਦੇ ਹਨ। ਇਨ੍ਹਾਂ ਨੂੰ ਸਮਝਾਉਣਾ ਪਵੇਗਾ ਕਿ ਉਨ੍ਹਾਂ ਵਲੋਂ ਚੁਣੇ ਰਾਹ ਉਤੇ ਅੱਗੇ ਮੌਤਾਂ ਹਨ ਤੇ ਪੰਜਾਬ ਦਾ ਵੱਡਾ ਨੁਕਸਾਨ ਹੋ ਸਕਦਾ ਹੈ।ਇਹ ਕੰਮ ਸਿਆਸਤਦਾਨ ਨਹੀਂ ਕਰਨਗੇ ਕਿਉਂਕਿ ਉਨ੍ਹਾ ਨੇ ਪੰਜਾਬ ਅਤੇ ਸਿੱਖਾਂ ਦੀ ਚਿੰਤਾ ਕਰਨੀ ਛੱਡ ਦਿਤੀ ਹੈ ਅਤੇ ਖ਼ੁਦ ਲਈ ਵਜ਼ੀਰੀਆਂ ਤੇ ਬਲੈਕ ਮਨੀ ਦੇ ਢੇਰ ਪ੍ਰਾਪਤ ਕਰਨਾ ਹੀ ਉਨ੍ਹਾਂ ਦੀ ਇਕੋ ਇਕ ਚਿੰਤਾ ਰਹਿ ਗਈ ਹੈ।ਸਿੱਖ ਕੌਮ ਨੂੰ ਆਪ ਹੀ ਕੁੱਝ ਕਰਨ ਲਈ ਸੋਚਣਾ ਪਵੇਗਾ। ਜੇ ਅੱਜ ਕੁੱਝ ਨਾ ਕੀਤਾ ਤਾਂ ਮੁੜ ਤੋਂ ਪੰਜਾਬ ਦੇ ਹੱਕ ਤਾਂ ਮਿਲਣੇ ਨਹੀਂ ਪਰ ਨਾਲ ਇਕ ਹੋਰ ਪੀੜ੍ਹੀ ਵੀ ਖ਼ਤਮ ਹੋ ਜਾਵੇਗੀ।- ਨਿਮਰਤ ਕੌਰ




## ਸਿੰਘਣੀਆਂ ਚੰਡੀਗੜ੍ਹ ਦੇ ਕੌਮੀ ਇਨਸਾਫ਼ ਮੋਰਚੇ 'ਚ ਬੰਦੀ ਸਿੰਘਾਂ ਦੀ ਰਿਹਾਈ ਲਈ ਡਟੀਆਂ

### ਜੁਝਾਰੂ ਸਿੰਘਣੀਆਂ ਦੇ ਸਿਦਕ, ਜਜ਼ਬੇ, ਕੁਰਬਾਨੀ ਅਤੇ ਸਿਰੜ ਨੂੰ ਪ੍ਰਣਾਮ ਹੈ:ਭਾਈ ਰਣਜੀਤ ਸਿੰਘ

ਅੰਮ੍ਰਿਤਸਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਬੇਅਦਬੀਆਂ ਦੇ ਇਨਸਾਫ਼ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਮੁਹਾਲੀ-ਚੰਡੀਗੜ੍ਹ ਵਿੱਚ ਲੱਗੇ ਕੌਮੀ ਇਨਸਾਫ਼ ਮੋਰਚੇ ਵਿੱਚ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਜੁਝਾਰੂ ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ ਉਰਫ਼ ਬਾਬਾ ਦਰਜੀ ਦੇ ਭਤੀਜੇ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਦੱਸਿਆ ਕਿ ਇਸ ਮੋਰਚੇ ਵਿੱਚ ਜਿੱਥੇ ਹਰ ਰੋਜ਼ ਸਿੱਖ ਸੰਪਰਦਾਵਾਂ, ਪੰਥਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਕਿਸਾਨ ਯੂਨੀਅਨਾਂ ਅਤੇ ਹਜ਼ਾਰਾਂ ਸਿੱਖ ਸੰਗਤਾਂ ਦੂਰ-ਦੁਰਾਡੇ ਤੋਂ ਆ ਕੇ ਹਾਜ਼ਰੀ ਭਰ ਰਹੀਆਂ ਹਨ।






# ਅਦਾਲਤ ਦੀ ਨਸੀਹਤ

ਜਦੋਂ ਦੀ ਮੋਦੀ ਸਰਕਾਰ ਹੋਂਦ ਵਿੱਚ ਆਈ ਹੈ, ਸ਼ਹਿਰਾਂ, ਇਤਿਹਾਸਕ ਇਮਾਰਤਾਂ ਤੇ ਸੜਕਾਂ ਦੇ ਨਾਂਅ ਬਦਲਣ ਦਾ ਇਸ ਨੂੰ ਜਨੂੰਨ ਚੜ੍ਹਿਆ ਹੋਇਆ ਹੈ । ਇਸ ਮਾਮਲੇ ਵਿੱਚ ਹੁਣ ਸੁਪਰੀਮ ਕੋਰਟ ਨੇ ਸਰਕਾਰ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ।

ਇੱਕ ਭਾਜਪਾ ਵਰਕਰ ਤੇ ਵਕੀਲ ਅਸ਼ਵਨੀ ਉਪਾਧਿਆਏ ਨੇ ਸੁਪਰੀਮ ਕੋਰਟ ਵਿੱਚ ਇੱਕ ਰਿੱਟ ਦਾਇਰ ਕਰਕੇ ਮੰਗ ਕੀਤੀ ਸੀ ਕਿ ਅਦਾਲਤ ਸਰਕਾਰ ਨੂੰ ਆਦੇਸ਼ ਦੇਵੇ ਕਿ ਇੱਕ ਨਾਮਕਰਣ ਕਮਿਸ਼ਨ ਕਾਇਮ ਕੀਤਾ ਜਾਵੇ, ਜੋ ਮੁਸਲਿਮ ਨਾਵਾਂ ਵਾਲੀਆਂ ਪੁਰਾਣੀਆਂ ਥਾਵਾਂ ਦੇ ਪੁਰਾਤਨ ਨਾਵਾਂ ਨੂੰ ਖੋਜ ਕੇ ਨਵਾਂ ਨਾਮਕਰਣ ਕਰੇ।

ਇਸ ਰਿੱਟ ਦੀ ਸੁਣਵਾਈ ਦੌਰਾਨ ਅਦਾਲਤ ਨੇ ਕਿਹਾ, ”ਭਾਰਤ ਇਤਿਹਾਸ ਦਾ ਗੁਲਾਮ ਨਹੀਂ ਰਹਿ ਸਕਦਾ। ਅਸੀਂ ਇਸ ਨੂੰ ਖੋਦ ਕੇ ਭਵਿੱਖ ਦੇ ਸਾਹਮਣੇ ਨਹੀਂ ਰੱਖ ਸਕਦੇ, ਜਿਸ ਨਾਲ ਦੇਸ਼ ਲਗਾਤਾਰ ਉੱਬਲਦਾ ਰਹੇ। ਸਾਡਾ ਦੇਸ਼ ਇੱਕ ਧਰਮ-ਨਿਰਪੱਖ ਦੇਸ਼ ਹੈ ਤੇ ਹਿੰਦੂ ਧਰਮ ਜੀਵਨ ਦਾ ਇੱਕ ਤਰੀਕਾ ਹੈ।”

ਉਪਾਧਿਆਏ ਨੇ ਰਿੱਟ ਪਟੀਸ਼ਨ ਵਿੱਚ ਕਿਹਾ ਸੀ, ”ਅਸੀਂ ਅਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾ ਰਹੇ ਹਾਂ, ਪਰ ਜ਼ਾਲਮ ਵਿਦੇਸ਼ੀ ਹਮਲਾਵਰਾਂ, ਉਨ੍ਹਾਂ ਦੇ ਨੌਕਰਾਂ ਤੇ ਪਰਵਾਰਕ ਮੈਂਬਰਾਂ ਦੇ ਨਾਵਾਂ ਉੱਤੇ ਕਈ ਇਤਿਹਾਸਕ ਇਮਾਰਤਾਂ ਤੇ ਥਾਵਾਂ ਕਾਇਮ ਹਨ। ਵਿਦੇਸ਼ੀ ਸ਼ਾਸਕਾਂ ਨੇ ਰਮਾਇਣ ਤੇ ਮਹਾਭਾਰਤ ਕਾਲ ਦੇ ਕਈ ਨਾਵਾਂ ਨੂੰ ਬਦਲ ਦਿੱਤਾ, ਇਨ੍ਹਾਂ ਨੂੰ ਬਹਾਲ ਕੀਤਾ ਜਾਣਾ ਜ਼ਰੂਰੀ ਹੈ।” ਉਨ੍ਹਾ ਉਦਾਹਰਨ ਦੇ ਤੌਰ ‘ਤੇ ਅਕਬਰ ਰੋਡ, ਲੋਧੀ ਰੋਡ, ਹਿਮਾਂਯੂ ਰੋਡ ਤੇ ਹੈਲੀ ਰੋਡ ਦਾ ਨਾਂਅ ਲੈ ਕੇ ਇਨ੍ਹਾਂ ਨਾਵਾਂ ਨੂੰ ਬਦਲਣ ਦੀ ਲੋੜ ਉੱਤੇ ਜ਼ੋਰ ਦਿੱਤਾ।

ਇਸ ਦੇ ਜਵਾਬ ਵਿੱਚ ਜਸਟਿਸ ਜੋਸੇਫ ਨੇ ਕਿਹਾ, ”ਤੁਸੀਂ ਅਕਬਰ ਰੋਡ ਦਾ ਵੀ ਨਾਂਅ ਬਦਲਣ ਦੀ ਮੰਗ ਕੀਤੀ ਹੈ । ਇਤਿਹਾਸ ਕਹਿੰਦਾ ਹੈ ਕਿ ਅਕਬਰ ਨੇ ਸਭ ਨੂੰ ਸਾਥ ਲਿਆਉਣ ਦੀ ਗੱਲ ਕੀਤੀ ਤੇ ਇਸ ਲਈ ਦੀਨੇ ਇਲਾਹੀ ਵਰਗਾ ਧਰਮ ਲਿਆਂਦਾ ਗਿਆ। ਤੁਹਾਡੀ ਰਿੱਟ ਪਟੀਸ਼ਨ ਦਾ ਮਕਸਦ ਇੱਕ ਵਿਸ਼ੇਸ਼ ਧਰਮ ਵੱਲ ਉਂਗਲੀ ਚੁੱਕਣਾ ਤੇ ਦੇਸ਼ ਅੰਦਰ ਤਣਾਅ ਪੈਦਾ ਕਰਨ ਵਾਲਾ ਮਾਹੌਲ ਸਿਰਜਣਾ ਹੈ। ਤੁਹਾਡੀ ਚਿੰਤਾ ਅਤੀਤ ਬਾਰੇ ਹੈ। ਤੁਸੀਂ ਇਸ ਨੂੰ ਖੋਦ ਕੇ ਵਰਤਮਾਨ ਤੇ ਭਵਿੱਖ ਦੀਆਂ ਪੀੜ੍ਹੀਆਂ ਅੱਗੇ ਰੱਖਣਾ ਚਾਹੁੰਦੇ ਹੋ। ਅਤੀਤ ਵਿੱਚ ਜੋ ਵਾਪਰਿਆ, ਉਸ ਨੂੰ ਭਵਿੱਖ ਵਿੱਚ ਵੈਰ-ਭਾਵ ਵਧਾਉਣ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ । ਭਾਰਤ ਇੱਕ ਧਰਮ-ਨਿਰਪੱਖ ਦੇਸ਼ ਹੈ, ਇਹ ਅਦਾਲਤ ਇੱਕ ਧਰਮ-ਨਿਰਪੱਖ ਮੰਚ ਹੈ, ਗ੍ਰਿਹ ਮੰਤਰਾਲਾ ਇੱਕ ਧਰਮ-ਨਿਰਪੱਖ ਵਿਭਾਗ ਹੈ, ਜਿਸ ਨੂੰ ਸਾਰੇ ਵਰਗਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਨਾ ਕਿ ਕੇਵਲ ਇੱਕ ਵਰਗ ਦਾ।”

ਬੈਂਚ ਦੇ ਦੂਜੇ ਜੱਜ ਜਸਟਿਸ ਨਾਗਰਤਨਾ ਨੇ ਕਿਹਾ, ” ਹਿੰਦੂ ਧਰਮ ਕੇਵਲ ਧਰਮ ਨਹੀਂ, ਜੀਵਨ ਜੀਣ ਦਾ ਤਰੀਕਾ ਹੈ। ਇਸ ਨੇ ਸਭ ਲੋਕਾਂ ਨੂੰ ਅਪਣਾ ਲਿਆ ਹੈ, ਚਾਹੇ ਉਹ ਦੁਸ਼ਮਣ ਹੈ ਜਾਂ ਦੋਸਤ । ਇਹੋ ਕਾਰਨ ਹੈ ਕਿ ਅਸੀਂ ਸਭ ਸਾਥ ਰਹਿ ਸਕਣ ਦੇ ਸਮਰੱਥ ਹਾਂ । ਅੰਗਰੇਜ਼ ‘ਫੁੱਟ ਪਾਓ ਤੇ ਰਾਜ ਕਰੋ’ ਦੀ ਨੀਤੀ ਲਿਆਏ ਸਨ, ਜਿਸ ਨੇ ਸਮਾਜ ਨੂੰ ਤੋੜਿਆ। ਸਾਨੂੰ ਅਜਿਹੀਆਂ ਪਟੀਸ਼ਨਾਂ ਰਾਹੀਂ ਇਸ ਨੂੰ ਦੁਬਾਰਾ ਨਹੀਂ ਤੋੜਨਾ ਚਾਹੀਦਾ । ਦੇਸ਼ ਨੂੰ ਦਿਮਾਗ਼ ਵਿੱਚ ਰੱਖ ਕੇ ਸੋਚੋ, ਧਰਮ ਨੂੰ ਨਹੀਂ ।”

ਇਸ ਤੋਂ ਬਾਅਦ ਉਪਾਧਿਆਏ ਨੇ ਤੁਰੰਤ ਕਿਹਾ ਕਿ ਉਹ ਆਪਣੀ ਰਿੱਟ ਵਾਪਸ ਲੈਂਦਾ ਹੈ, ਪਰ ਜਸਟਿਸ ਜੋਸੇਫ ਨੇ ਰਿੱਟ ਨੂੰ ਖਾਰਜ ਕਰਦਿਆਂ ਕਿਹਾ, ”ਅਸੀਂ ਤੁਹਾਨੂੰ ਰਿੱਟ ਵਾਪਸ ਲੈਣ ਦੀ ਇਜਾਜ਼ਤ ਨਹੀਂ ਦਿੰਦੇ । ਅਸੀਂ ਇਤਿਹਾਸ ਬਾਰੇ ਤੁਹਾਡੀ ਧਾਰਨਾ ਜਾਣਨਾ ਚਾਹੁੰਦੇ ਸੀ, ਅਸੀਂ ਤੁਹਾਡੀ ਰਿੱਟ ਨੂੰ ਦੇਖਾਂਗੇ ।”

ਅਸਲ ਵਿੱਚ ਦੋ ਮੈਂਬਰੀ ਬੈਂਚ ਨੇ ਜੋ ਕਿਹਾ ਹੈ, ਉਹ ਸਿਰਫ਼ ਪਟੀਸ਼ਨਕਰਤਾ ਲਈ ਨਹੀਂ, ਸਗੋਂ ਨਫ਼ਰਤ ਦੀ ਅੱਗ ਭੜਕਾਉਣ ਵਾਲੇ ਉਨ੍ਹਾਂ ਸਾਰਿਆਂ ਲਈ ਹੈ, ਜੋ ਫਿਰਕੂ ਵੰਡੀਆਂ ਪਾਉਣ ਲਈ ਨਿਤ ਨਵਾਂ ਮੁੱਦਾ ਖੜ੍ਹਾ ਕਰਦੇ ਰਹਿੰਦੇ ਹਨ। ਇਸ ਤੋਂ ਬਾਅਦ ਵੀ ਜੇ ਸਾਡੇ ਹਾਕਮ ਨਾਂਅ ਬਦਲਣ ਦੇ ਝੱਲ ਨੂੰ ਨਹੀਂ ਛੱਡਦੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਤਾਨਾਸ਼ਾਹੀ ਦੀ ਸਿਖ਼ਰ ਉੱਤੇ ਪਹੁੰਚ ਚੁੱਕੇ ਹਨ, ਜਿੱਥੇ ਲੋਕਤੰਤਰੀ ਸੰਸਥਾਵਾਂ ਦੀ ਕੋਈ ਵੁੱਕਤ ਨਹੀਂ ਰਹਿੰਦੀ।

--ਚੰਦ ਫਤਿਹਪੁਰੀ

# ‘ਆਪ’ ਦੇ ਮੰਤਰੀ ਮਨੀਸ਼ ਸਿਸੋਦੀਆ ਤੇ ਸਤੇਂਦਰ ਜੈਨ ਨੇ ਦਿੱਤਾ ਅਸਤੀਫਾ

ਨਵੀਂ ਦਿੱਲੀ:-ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਵਿੱਚ ਮੰਤਰੀ ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸ਼ਰਾਬ ਨੀਤੀ ਮਾਮਲੇ ਵਿੱਚ ਮਨੀਸ਼ ਸਿਸੋਦੀਆਂ ਨੂੰ ਸੀਬੀਆਈ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ।

ਇਸ ਤੋਂ ਬਾਅਦ ਮਨੀਸ਼ ਸਿਸੋਦੀਆ ਨੇ ਸੁਪਰੀਮ ਕੋਰਟ ਵਿੱਚ ਪਹੁੰਚ ਕੀਤੀ ਸੀ। ਅਦਾਲਤ ਨੇ ਸਿਸੋਦੀਆ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਹਾਈ ਕੋਰਟ ਤੱਕ ਪਹੁੰਚ ਕਰਨ ਲਈ ਕਿਹਾ ਹੈ। ਫਿਲਹਾਲ ਉਹ ਸੀਬੀਆਈ ਰਿਮਾਂਡ ਵਿੱਚ ਹੀ ਰਹਿਣਗੇ।

ਹੁਣ ਮਨੀਸ਼ ਸਿਸੋਦੀਆ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਮਨੀ ਲਾਂਰਡਿੰਗ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਸਤੇਂਦਰ ਜੈਨ ਨੇ ਵੀ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।




ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਮਾਰਚ ਮਹੀਨੇ ਦੇ ਪ੍ਰੋਗਰਾਮ
ਸਿੰਘ ਸਭਾ ਲਹਿਰ ਨੂੰ ਸਮਰਪਿਤ ਹੋਣਗੇ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਇਕ ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ। ਇਹ ਅਖੰਡਪਾਠ ਸਾਹਿਬ ਭਾਈ ਨਿਰਲੇਪ ਸਿੰਘ (ਪਾਲ ਬੱਲ) ਪਰਿਵਾਰ ਵੱਲੋਂ ਹੋਵੇਗਾ। ਜਿਸਦੀ ਆਰੰਭਤਾ 3 ਮਾਰਚ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 5 ਮਾਰਚ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*4 ਮਾਰਚ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਕੁਲਵੰਤ ਸਿੰਘ ਬੀਸਲਾ ਪਰਿਵਾਰ ਵੱਲੋਂ ਹੋਵੇਗੀ।

*5 ਮਾਰਚ ਦਿਨ ਐਤਵਾਰ ਬੀਬੀ ਗੁਰਿੰਦਰ ਕੌਰ ਹੁੰਡਲ ਪਰਿਵਾਰ ਵੱਲੋਂ ਸਵ. ਭਾਈ ਪਰਮਜੀਤ ਸਿੰਘ ਹੁੰਡਲ ਦੀ ਸਲਾਨਾ ਯਾਦ ਵਿਚ ਸਹਿਜਪਾਠ ਦੇ ਭੋਗ ਸਵੇਰੇ 10 ਵਜੇ ਪਾਏ ਜਾਣਗੇ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*5 ਮਾਰਚ ਦਿਨ ਸ਼ਨਿਚਰਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸੁਖਵੀਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

*5 ਮਾਰਚ ਦਿਨ ਸ਼ਨਿਚਰਵਾਰ ਸਵ. ਬੀਬੀ ਸੁਰਜੀਤ ਕੌਰ ਔਜਲਾ ਦਾ ਅੰਤਮ ਸਸਕਾਰ ਸ਼ਾਮ 3 ਵਜੇ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਸ਼ਾਮ 4.30 ਵਜੇ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਕੀਰਤਨੀ ਜਥੇ:ਭਾਈ ਭਗਤਦੀਪ ਸਿੰਘ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224, ਫੈਕਸ:604-572-3276

## ਸਿਹਤ ਸੰਬੰਧੀ



# ਗੁੱਸਾ ਅਤੇ ਹੋਮਿਓਪੈਥੀ

ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ – ਇਹ ਪੰਜ ਮਨੁੱਖੀ ਕਮਜ਼ੋਰੀਆਂ ਹਨ। ਜਦੋਂ ਕੋਈ ਵੀ ਵਿਅਕਤੀ ਗੁੱਸੇ ਦੀ ਸਥਿਤੀ ਵਿੱਚ ਹੁੰਦਾ ਹੈ ਤਾਂ ਉਹ ਆਪਣਾ ਸਵੈ-ਕਾਬੂ ਉਸ ਵਿਅਕਤੀ ਦੇ ਹਵਾਲੇ ਕਰ ਦਿੰਦਾ ਹੈ ਜਿਸ ਉੱਪਰ ਉਸ ਨੂੰ ਗੁੱਸਾ ਆ ਰਿਹਾ ਹੁੰਦਾ ਹੈ। ਮਨੁੱਖ ਸੁਭਾਅ ਪੱਖੋਂ ਗੁੱਸੈਲਾ, ਝਗੜਾਲੂ ਅਤੇ ਵਿਨਾਸ਼ਕਾਰੀ ਪ੍ਰਾਣੀ ਹੈ। ਉਸ ਦੀ ਇਹ ਪ੍ਰਵਿਰਤੀ ਆਮ ਤੌਰ ’ਤੇ ਲੜਾਈ ਝਗੜੇ ਜਾਂ ਵਧੀਕੀ ਕਰਨ ਦੀ ਆਦਤ ਦੇ ਰੂਪ ਵਿੱਚ ਦੇਖੀ ਜਾ ਸਕਦੀ ਹੈ। ਜਿਨ੍ਹਾਂ ਸਥਿਤੀਆਂ ਵਿੱਚ ਗੁੱਸਾ ਆਉਂਦਾ ਹੈ, ਗੁੱਸੈਲਾ ਵਿਅਕਤੀ ਆਪਣੇ ਬਚਾਅ ਅਤੇ ਰੱਖਿਆ ਵਾਸਤੇ ਇਸ ਕੌੜੀ ਭਾਵਨਾ ਨੂੰ ਹਥਿਆਰ ਵਜੋਂ ਵਰਤਦਾ ਹੈ। ਜਿਸ ਤਰ੍ਹਾਂ ਰਿਸ਼ਤੇ-ਨਾਤੇ ਗੁੱਸੇ ਕਾਰਨ ਟੁੱਟਣ ਕਿਨਾਰੇ ਆ ਜਾਂਦੇ ਹਨ, ਉੱਥੇ ਹੀ ਨਫ਼ਰਤ ਆਪਸੀ ਪਿਆਰ ਅਤੇ ਲਗਾਵ ਦੀ ਥਾਂ ਲੈ ਲੈਂਦੀ ਹੈ। ਗੁੱਸੇ ਵਿੱਚ ਆਏ ਵਿਅਕਤੀ ਦੇ ਖ਼ੂਨ ਦਾ ਦੌਰਾ ਤੇਜ਼ ਹੋਣ ਨਾਲ ਉਹ ਆਪਣੇ ਸਰੀਰ ਅੰਦਰ ਅਸਥਾਈ ਤੌਰ ’ਤੇ ਵਧੀ ਹੋਈ ਊਰਜਾ ਅਤੇ ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ। ਉਸ ਦੇ ਜਿਸਮ, ਲੱਤਾਂ ਬਾਹਾਂ ਵਿੱਚ ਬਹੁਤ ਤਾਕਤ ਦਾ ਅਹਿਸਾਸ ਹੁੰਦਾ ਹੈ ਅਤੇ ਕਈ ਵਿਅਕਤੀਆਂ ਵਿੱਚ ਗੁੱਸੇ ਕਾਰਣ ਕੰਬਣੀ ਵੀ ਛਿੜ ਜਾਂਦੀ ਹੈ।ਆਮ ਤੌਰ ’ਤੇ ਜਦੋਂ ਗੁੱਸੇ ਨੂੰ ਦਬਾਅ ਕੇ ਰੱਖਿਆ ਜਾਂਦਾ ਹੈ ਅਤੇ ਉਸ ਦਾ ਪ੍ਰਗਟਾਵਾ ਕਰਨ ਦੀ ਥਾਂ ਵਿਅਕਤੀ ਅੰਦਰੋ-ਅੰਦਰ ਸੜਦਾ ਰਹਿੰਦਾ ਹੈ ਤਾਂ ਉਸ ਦਾ ਸਰੀਰ ਇਸ ਬਲਦੀ ਅੱਗ ਨੂੰ ਸਹਾਰ ਨਹੀਂ ਸਕਦਾ। ਇਸ ਸਥਿਤੀ ਵਿੱਚ ਬਾਹਰੀ ਤੌਰ ’ਤੇ ਆਪਣਾ ਸੰਤੁਲਨ ਗਵਾਉਣ ਦੇ ਨਾਲ-ਨਾਲ ਵਿਅਕਤੀ ਅੰਦਰੂਨੀ ਬਿਮਾਰੀਆਂ ਦਾ ਵੀ ਸ਼ਿਕਾਰ ਹੋ ਸਕਦਾ ਹੈ, ਜਿਵੇਂ ਕਿ ਢਿੱਡ ਵਿੱਚ ਐਸਿਡ ਬਣਨਾ ਜਿਸ ਕਾਰਣ ਨਰਮ ਝਿੱਲੀਆਂ ਸੜ ਸਕਦੀਆਂ ਹਨ ਅਤੇ ਢਿੱਡ ਵਿੱਚ ਅਲਸਰ ਬਣ ਸਕਦੇ ਹਨ। ਜਿਸ ਵਿਅਕਤੀ ਨੂੰ ਛੇਤੀ-ਛੇਤੀ ਗੁੱਸਾ ਆਉਂਦਾ ਹੈ ਉਹ ਛੇਤੀ ਢਹਿੰਦੀ ਕਲਾ ਅਤੇ ਘਬਰਾਹਟ ਦਾ ਸ਼ਿਕਾਰ ਹੋ ਜਾਂਦਾ ਹੈ। ਗੁੱਸਾ ਦਬਾਉਣ ਦੀ ਕੋਸ਼ਿਸ਼ ਵਿੱਚ ਕਈ ਵਾਰੀ ਸਰੀਰਕ ਨੁਕਸਾਨ ਵੀ ਹੋ ਸਕਦਾ ਹੈ ਜਿਵੇਂ ਵਧੇ ਹੋਏ ਬਲੱਡ ਪ੍ਰੈਸ਼ਰ ਕਾਰਣ ਦਿਲ ਦੇ ਰੋਗ, ਦਿਮਾਗ ਦੀ ਨਸ ਫਟਣੀ, ਬਹੁਤ ਜ਼ਿਆਦਾ ਸਿਰਦਰਦ ਹੋਣਾ ਜਾਂ ਪੁਰਾਣਾ ਮਾਈਗ੍ਰੇਨ ਉੱਭਰ ਕੇ ਸਮੱਸਿਆ ਬਣ ਜਾਣਾ। ਬੇਇਨਸਾਫ਼ੀ ਦੀਆਂ ਸਥਿਤੀਆਂ, ਬੇਵਜ੍ਹਾ ਦੂਸ਼ਣਬਾਜ਼ੀ ਦਾ ਸਾਹਮਣਾ ਕਰਨਾ ਜਾਂ ਸੱਚੇ ਵਿਅਕਤੀ ਨੂੰ ਝੂਠਾ ਕਰਾਰ ਦੇਣਾ ਗੁੱਸੇ ਅਤੇ ਨਫ਼ਰਤ ਨੂੰ ਜਨਮ ਦਿੰਦਾ ਹੈ।




ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579




ਮਨੁੱਖੀ ਸਰੀਰ ਦੇ ਦੋਵੇਂ ਗੁਰਦਿਆਂ ਦੇ ਅੱਗੇ “ਐਡ੍ਰਿਨਲ ਗਲੈਂਡ” ਨਾਂ ਦੀਆਂ ਗ੍ਰੰਥੀਆਂ ਹੁੰਦੀਆਂ ਹਨ। ਸੰਕਟਕਾਲ ਦੌਰਾਨ ਇਨ੍ਹਾਂ ਗ੍ਰੰਥੀਆਂ ਵਿੱਚੋਂ “ਐਡ੍ਰਿਨਲਿਨ” ਨਾਂ ਦਾ ਹਾਰਮੋਨ ਰਿਸਦਾ ਹੈ ਜੋ ਕਿ ਗੁੱਸੇ ਦੀ ਵਜ੍ਹਾ ਬਣਦਾ ਹੈ। ਸਰੀਰ ਉੱਪਰ ਗੁੱਸੇ ਦੇ ਮਾੜੇ ਪ੍ਰਭਾਵ ਵਿਅਕਤੀ ਦੀ ਸਰੀਰਕ ਸੰਵੇਦਨਾ ਉੱਪਰ ਵੀ ਨਿਰਭਰ ਕਰਦੇ ਹਨ। ਯੋਗ ਆਸਣ ਜਾਂ ਧਿਆਨ ਲਗਾਉਣ ਨੂੰ ਗੁੱਸੇ ਦਾ ਇਲਾਜ ਵਧੀਆ ਇਲਾਜ ਮੰਨਿਆ ਗਿਆ ਹੈ। ਪਰ, ਅੱਜ ਦੇ ਯੁਗ ਵਿੱਚ ਗੁੱਸੇ ਦਾ ਡਾਕਟਰੀ ਇਲਾਜ ਵੀ ਸੰਭਵ ਹੈ। ਗੁੱਸੇ ਤੋਂ ਬਚਣ ਲਈ ਧਿਆਨ ਲਾਂਭੇ ਕਰਨਾ ਲਾਜ਼ਮੀ ਹੁੰਦਾ ਹੈ ਅਤੇ ਅਜਿਹਾ ਕਰਨ ਲਈ ਕੁਦਰਤੀ ਨਜ਼ਾਰੀਆਂ ਵੱਲ ਧਿਆਨ ਦੇਣਾ, ਆਪਣਾ ਮਨਪਸੰਦ ਸੰਗੀਤ ਸੁਣਨਾ, ਕਸਰਤ ਕਰਨੀ, ਖੇਡਾਂ ਵਿੱਚ ਹਿੱਸਾ ਲੈਣਾ, ਲੰਮੀ ਸੈਰ, ਵਧੀਆ ਕਿਤਾਬਾਂ ਪੜ੍ਹਨੀਆਂ, ਚੁਟਕਲੇ ਸੁਣਨੇ-ਸੁਣਾਉਣੇ, ਪਾਲਤੂ ਜਾਨਵਰਾਂ ਦਾ ਸੰਗ ਜਾਂ ਚਿਤਰਕਾਰੀ ਜਾਂ ਕੋਈ ਹੋਰ ਮਨਭਾਉਂਦਾ ਕਾਰਜ ਕੀਤਾ ਜਾ ਸਕਦਾ ਹੈ।


ਵੱਖ-ਵੱਖ ਸਥਿਤੀਆਂ ਵਿੱਚ ਵੱਖ-ਵੱਖ ਕਾਰਣਾਂ ਕਰਕੇ ਆਇਆ ਗੁੱਸਾ ਮਨੁੱਖੀ ਸਰੀਰ ਅੰਦਰ ਜਿਹੜੀਆਂ ਬਿਮਾਰੀਆਂ ਪੈਦਾ ਕਰਨ ਦੇ ਸਮਰੱਥ ਹੋ ਸਕਦਾ ਹੈ, ਉਨ੍ਹਾਂ ਬਿਮਾਰੀਆਂ ਦੇ ਇਲਾਜ ਦੀ ਜੜ੍ਹ ਗੁੱਸੇ ਦੇ ਕਾਰਣਾਂ ਵਿੱਚੋਂ ਲੱਭ ਕੇ ਹੋਮਿਓਪੈਥੀ ਦੀ ਢੁੱਕਵੀਂ ਦਵਾਈ ਦੀ ਚੋਣ ਰਾਹੀਂ ਹੋ ਸਕਦੀ ਹੈ।

ਹੋਮਿਓਪੈਥ ਆਰ.ਐੱਸ. ਸੈਣੀ ਹਰ ਕੇਸ ਨੂੰ ਵਖਰੇਵੇਂ ਨਾਲ ਵੇਖਦਿਆਂ ਉਪਰੋਕਤ ਦੱਸੇ ਅਨੁਸਾਰ ਪੀੜਤ ਵਿਅਕਤੀ ਦੀ ਮਦਦ ਕਰਦੇ ਹਨ। ਗੁੱਸੇ ਦੀ ਸਥਿਤੀ ਵਿੱਚ ਹੋਮਿਓਪੈਥੀ ਦੀਆਂ ਕੁਝ ਦਵਾਈਆਂ ਜਿਵੇਂ ਕਿ ਕੈਮੋਮੀਲਾ, ਨਕਸਵਾਮੀਕਾ, ਸਟੈਫ਼ੀਸੈਗਰੀਆ ਅਤੇ ਕੋਲੋਸਿੰਥ ਆਦਿ ਲੱਛਣਾਂ ਅਨੁਸਾਰ ਗੁੱਸੈਲੇ ਵਿਅਕਤੀ ਦੇ ਗੁੱਸੇ ਨੂੰ ਠੱਲ੍ਹ ਪਾਉਣ ਵਿੱਚ ਕਾਰਗਰ ਸਿੱਧ ਹੁੰਦੀਆਂ ਹਨ।

ਇਨ੍ਹਾਂ ਦਵਾਈਆਂ ਨੂੰ ਆਪਣੇ ਪੱਧਰ ’ਤੇ ਕਦੇ ਵੀ ਨਹੀਂ ਲੈਣਾ ਚਾਹੀਦਾ, ਸਗੋਂ ਪੇਸ਼ਾਵਰ ਹੋਮਿਓਪੈਥ ਦੀ ਸੇਵਾਵਾਂ ਦਾ ਲਾਭ ਲੈਣਾ ਚਾਹੀਦਾ ਹੈ।






# ਸਰਦਾਰੀ ਦਾ ਗਮ

ਫਾਰਮ ਵਿਚ ਹੀ ਰਹਿੰਦੇ ਮੇਰੇ ਮਿੱਤਰ ਨੇ ਅਜ ਖਬਰ ਦਿਤੀ ਕਿ ਤੁਹਾਡੇ ਲੜਾਕਾ ਕੁਕੜ ਗਮ ਵਿਚ ਮਰ ਗਿਆ ਹੈ। ਕਹਾਣੀ ਇਹ ਸੀ ਕਿ ਕੁਕੜ ਲੜਾਕਾ ਬੜਾ ਸੀ ਬਾਕੀਆਂ ਦੀ ਓਹ 'ਸ਼ਬੀਲ' ਲਾਈ ਹੀ ਰਖਦਾ ਸੀ ਪਰ ਕੁਝ ਦਿਨ ਹੋਏ ਮਿਤਰ ਮੇਰੇ ਨੇ 'ਫਾਈਟਰ' ਕੁਕੜ ਲੈ ਆਂਦਾ। ਸਰਦਾਰੀ ਕਰਨ ਦੇ ਸਵਾਦ ਦੇ ਗੇੜ ਵਿਚ ਓਹ ਨਵੇ ਆਏ ਕੁਕੜ ਦੇ ਵੀ ਗਲ ਜਾ ਪਿਆ।

ਨਵੇ ਆਏ ਨੇ ਧੁੰਮੇ ਤਰਾਂ ਚਕ ਕੇ ਗੋਡਿਆਂ ਹੇਠ ਰਖ ਲਿਆ ਯਾਣੀ ਚੰਗੀਆਂ 'ਫਰੂਟੀਆਂ ' ਪਿਆਈਆਂ ਤਾਂ ਸਰਦਾਰੀ ਵਾਲਾ ਕੁਕੜ ਬਿਨਾ ਰਿੰਮਾਂ ਤੋਂ ਹੀ ਦੌੜ ਨਿਕਲਿਆ ਪਰ ਸਰਦਾਰੀ ਕਰਨ ਦੀ 'ਮਨਾਪਨੀ' ਅਜਿਹੀ ਟੁਟੀ ਕਿ ਗਮ ਦਾ ਮਾਰਿਆ ਦੋ ਦਿਨ ਖੁਡੇ ਵਿਚੋਂ ਹੀ ਨਹੀ ਨਿਕਲਿਆ ਅਤੇ ਤੀਜੇ ਦਿਨ ਆਖਰ ਖਬਰ ਆ ਗਈ ਕਿ 'ਸਰਦਾਰ' ਹੁਰੀਂ ਚਲ ਵਸੇ ਨੇ।ਗਮ ਤਾਂ ਇਥੇ ਸਰਦਾਰੀ ਖੁਸਣ ਦੇ ਸਨ ਨਹੀ ਤਾਂ ਇਹ ਬਚਕਾਨਾ ਗਲਾਂ ਕੀ ਮਾਇਨਾ ਰਖਦੀਆਂ ਕਿ ਫਲਾਂ ਸਿਓਂ ਨੇ ਅਪਣੀ ਵਹੁਟੀ ਤਾਂ ਦਿਖਾਈ ਨਹੀ ਸ਼ਹਾਦਤ ਕੀ ਪਾਓਣੀ ਹੋਈ। ਜਿਹੜਾ ਵਹੁਟੀ ਨਹੀ ਦਿਖਾ ਸਕਦਾ ਸ਼ਹੀਦੀ ਇਓਂ ਈ ਪਾ ਲਊ ਕਿਤੇ।


ਸ਼ਹੀਦੀ ਪਾਓਂਣ ਦਾ ਪੈਮਾਨਾ ਦੇਖ ਲਓ। ਪਹਿਲਾਂ ਵਹੁਟੀ ਦਿਖਾ ਕੇ ਜਾਓ ਜੇ ਸ਼ਹਾਦਤ ਪਾਓਣੀ।ਓ ਭਾਈ ਤੈਂ ਅਪਣੀ ਵਹੁਟੀ ਲੈ ਆ ਚਾਹੇ ਦਿਨ ਪੁਰ ਰਾਤ ਦੇਖੀ ਜਾਈਂ ਅਸੀਂ ਜੇ ਕਹਿ ਗਏ ਕਿ ਵਹੁਟੀ ਦਿਖਾ ਆਵਦੀ। ਪਰ ਤੂੰ ਕਿਸੇ ਦੀ ਵਹੁਟੀ ਦੇਖਣ ਦਾ ਕਾਹਦਾ ਗਮ ਲਾਈ ਫਿਰਦਾਂ। ਸਰਦਾਰੀ ਵਾਲਿਆਂ ਨੂੰ ਹੋਰ ਕੁਝ ਨਹੀ ਲਭਾ ਤਾਂ ਵਹੁਟੀ ਅਖੇ ਇੰਗਲੈਂਡ ਦੀ ਲੈ ਆਂਦੀ ਇਥੇ ਨਾ ਸੀ ਲਭੀ ਕੋਈ।

ਲਓ ਦੇਖਿਓ ਹੁਣ ਉਡਿਆ ਹੀ ਲਿਓ ਇੰਗਲੈਂਡ। ਟਿਕਟਾਂ ਵੀ ਲੈ ਦਿਤੀਆਂ ਗਮ ਖਾਧਿਆਂ ਨੇ ਇੰਗਲੈਂਡ ਦੀਆਂ। ਜਾਣਾ ਕਿਸੇ ਨੇ ਜਹਾਜ ਇਨਾ ਦੇ ਉਡੀ ਜਾਂਦੇ ਰਹੇ।ਓਧਰ ਗੋਲਡ ਮੈਡਲਾਂ ਨੂੰ ਗੁਰੂ ਸਾਹਬ ਦੀ ਬੇਅਦਬੀ ਦਾ ਗਮ ਵੱਡ ਵੱਡ ਖਾਈ ਜਾਂਦਾ। ਇਨੀ ਵਡੀ ਬੇਅਦਬੀ ਹੋ ਰਹੀ ਹੋਵੇ ਤੇ ਤੁਸੀਂ ਰੋਕਣ ਹੀ ਨਹੀ ਗਏ? ਘਟੋ ਘਟ ਗੋਲਡ ਮੈਡਲ ਦਾ ਖਿਆਲ ਕੀਤਾ ਹੁੰਦਾ।ਵੀਹ ਵੀਹ ਫੁਟੇ ਸ਼ਹੀਦਾਂ ਅਤੇ ਸੁਰੰਗਾਂ ਵਿਚ ਦੀ ਸ਼ਹੀਦਾਂ ਨੂੰ ਮਿਲ ਕੇ ਆਏ 'ਬ੍ਰਹਮਗਿਆਨੀ' ਅਜ ਕਲ ਚੁਪ ਨੇ ਪਰ ਨਵੇਂ ਉਠੇ 'ਬ੍ਰਹਮਗਿਆਨੀ' ਪਹਿਲਾਂ ਹੀ ਟੇਵੇ ਲਾਈ ਜਾਂਦੇ ਕਿ ਦੇਖਿਓ ਆਹਾ ਬੰਦਾ ਸਰਕਾਰੀ ਨਿਕਲਣਾ ਜੇ। ਚੋਣਾ ਜਿੱਤਣੀਆਂ ਬੀ ਜੇ ਪੀ ਨੇ।

ਵੇਖਿਓ ਫਿਰ ਜੇ ਸਾਡੀਆਂ ਭਵਿਖਬਾਣੀਆਂ ਨਾ ਸਚੀਆਂ ਹੋਈਆਂ ਜੇ।ਹੁਣਾ ਏ ਸਰਕਾਰੀ, ਬੀ ਜੇ ਪੀ ਦਾ ਹੀ ਹੋਣਾ ਤੁਹਾਨੂੰ ਵੀ ਤਾਂ ਕਾਂਗਰਸ ਦੇ ਯਾਣੀ ਸਰਨਿਆਂ ਦੇ ਹੋਣਾਂ ਲੋਕਾਂ ਬਰਦਾਸ਼ਤ ਕੀਤਾ ਹੀ ਸੀ ਤੁਸੀਂ ਵੀ ਥੋੜਾ ਸਬਰ ਦਾ ਘੁਟ ਤਾਂ ਭਰ ਲਓ।ਪਰ ਹੈਰਾਨੀ ਹੈ ਕਿ ਅਜ ਹਰ ਓਹ ਬੰਦਾ ਬੇਅਦਬੀ ਤੋਂ ਪੀੜਤ ਦਿਸ ਰਿਹਾ ਜਿਨ ਕਦੇ ਬਰਗਾੜੀ ਬਹਿਬਲ ਦਾ ਮੂੰਹ ਹੀ ਨਹੀ ਦੇਖਿਆ। ਮੇਰੇ ਮਿਤਰ ਨੇ ਦਸਿਆ ਕਿ ਕੁਕੜ ਫਟੜ ਤਾਂ ਇਨਾ ਨਾ ਸੀ ਹੋਇਆ ਦਰਅਸਲ ਖੁੱਸੀ ਸਰਦਾਰੀ ਦੇ ਗਮ ਵਿਚ ਹੀ ਮਾਰਿਆ ਗਿਆ ਵਿਚਾਰਾ।

-ਗੁਰਦੇਵ ਸਿੰਘ ਸੱਧੇਵਾਲੀਆ

LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ

ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL

604.537.9759

3227 264 St. Aldergrovw, BC V4W2X3

AMAYA LIVING



60 LUXURIOUS CONDOS

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

KITCHEN

- Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
- Full size stainless steel appliances: refrigerator, stove, dish washer, hood fan and microwave • Garburator

BATHROOM

- Large mirror with light bar • Under-mount porcelain sink with modern single lever faucet • Master with full stand up shower and full height ceramic tiles
- Modern bathroom accessories WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਕਾਵਿ ਕਿਆਰੀ

## ਔਰਤ ਦੇ ਦਿਲ ਦੀ ਗੱਲ

ਹੱਸਦੇ ਰਹਿਣਾ ਹਾਸੇ ਵੰਡਣਾ, ਹੈ ਇਹ ਮੇਰੀ ਖ਼ਸਲਤ,
ਸਿਰ ਸੁੱਟ ਕੇ ਚੱਲਦੇ ਜਾਣਾ, ਮੇਰੀ ਹੈ ਇਹ ਫ਼ਿਤਰਤ।

ਹਾਸਾ ਦੇਖ ਕਿਸੇ ਦਾ ਦੁਨੀਆ, ਲਾਵੇ ਗ਼ਲਤ ਅੰਦਾਜ਼ੇ,
ਚਿਹਰੇ ਪਿੱਛੇ ਕੋਈ ਨਾ ਦੇਖੇ, ਦਿਲ ਦੇ ਘੋਰ ਅਜ਼ਾਬੇ।

ਔਖੇ ਪਲ ਤੇ ਬਿਖੜੇ ਪੈਂਡੇ, ਬਣਦੇ ਰਹੇ ਮੇਰੇ ਸਾਥੀ,
ਯਾਦਾਂ ਨੇ ਸਭ ਮੇਰਾ ਵਿਰਸਾ, ਕੀ ਖੁਸ਼ੀ ਤੇ ਕੀ ਉਦਾਸੀ।

ਉੱਠ ਕੇ ਡਿੱਗਣਾ ਡਿੱਗ ਕੇ ਉੱਠਣਾ, ਰਿਹਾ ਚਲਣ ਹੈ ਮੇਰਾ,
ਸਾਥੀ ਮੇਰਾ ਘੱਟ ਚਾਨਣ ਬਣਿਆ, ਬਹੁਤਾ ਘੁੱਪ ਹਨੇਰਾ।

ਇਸ ਦੁਨੀਆਂ ਵਿੱਚ ਆਉਣਾ ਸੌਖਾ, ਪਰ ਨਾ ਜੀਣਾ ਸੌਖਾ,
ਨਿੱਤ ਦਿਨ ਹੱਲ ਕਰਨਾ ਪੈਂਦਾ, ਹਰ ਇੱਕ ਮਸਲਾ ਔਖਾ।

ਰਿਸ਼ਤੇ ਨਾਤੇ ਸਹੁਰੇ ਮਾਪੇ, ਦੇ ਨਾ ਸਕੇ ਹੱਕ ਮੈਨੂੰ,
ਦਰਦ ਵੰਡਾਇਆ ਸਭ ਦਾ ਪਰ, ਦਰਦ ਮਿਲੇ ਬੱਸ ਮੈਨੂੰ ।

ਪਿੱਛੇ ਮੁੜ ਕੇ ਤੱਕਣਾ ਮੈਨੂੰ, ਪਰ ਜ਼ਰਾ ਨਹੀਂ ਭਾਉਂਦਾ,
ਔਕੜਾਂ ਦਰੜ ਕੇ ਪੈਰਾਂ ਥੱਲੇ, ਸਵਾਦ ਅਨੋਖਾ ਆਉਂਦਾ।

ਬਹੁਤੀ ਤਾਂ ਹੁਣ ਲੰਘ ਗਈ, ਭਾਵੇਂ ਥੋੜ੍ਹੀ ਰਹਿ ਗਈ,
ਪਰ ਮੁੜ ਜੀਵਣ ਦੀ ਸੱਧਰ, ਚੁੱਪੀ ਵਿਚ ਕੁਛ ਕਹਿ ਗਈ।

ਆ ਜਿੰਦੇ ਲੱਗ ਮੇਰੇ ਸੀਨੇ, ਦੇ ਜਾਹ ਕੋਈ ਦਿਲਾਸਾ,
ਹੋਰ ਨਹੀਂ ਜੇ ਸਰਦਾ ਤੈਥੋਂ, ਹੱਸ
ਜਾਹ ਝੂਠਾ ਹਾਸਾ।



ਸੁਣਾ ਮੈਨੂੰ ਜਾਂ ਸੁਣ ਜਾਹ ਮੈਥੋਂ, ਗੱਲ
ਕੋਈ ਧੁਰ ਦਿਲ ਦੀ,
ਜੋ ਅੱਜ ਤੱਕ ਨਾ ਲਬ ਤੇ ਆਈ, ਰਹੀ
ਅੰਦਰ ਮੇਰਾ ਛਿੱਲਦੀ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ, ਯੂ.ਕੇ ਟੈਲੀਫੋਨ: 07748772308**

## ਸਤਿਕਾਰ

**ਅਜੀਤ ਕਮਲ ਬਟਾਲਾ**

ਮੁਫ਼ਤ ਦਾ ਰਾਸ਼ਨ ਨਹੀਂ ਰੁਜ਼ਗਾਰ ਦੇ।
ਬੇਘਰੇ ਨੂੰ ਹਾਕਮਾਂ ਘਰ ਬਾਰ ਦੇ।
ਉਹ ਜੋ ਪਰਦੇਸਾਂ ਨੂੰ ਉੱਡਦੇ ਜਾ ਰਹੇ,
ਪੰਛੀਆਂ ਨੂੰ ਦੇਸ਼ ਅੰਦਰ ਠਾਹਰ ਦੇ।
ਜਿਸ ਉੱਤੇ ਮਾਣ ਕਰ ਸਕੀਏ ਅਸੀਂ,
ਦੇਸ਼ ਨੂੰ ਏਦਾਂ ਦਾ ਸੱਭਿਆਚਾਰ ਦੇ।
ਭਾਈਚਾਰਕ ਸਾਂਝ ਨਾ ਟੁੱਟੇ ਕਦੇ,
ਦੇਸ਼ ਦੇ ਲੋਕਾਂ ਨੂੰ ਇਹ ਇਤਬਾਰ ਦੇ।
ਮੁੜ ਕੋਈ ਨਾ ਅੱਖ ਚੋਭੇ ਅਮਨ ਦੀ,
ਦੋਖੀਆਂ ਨੂੰ ਕੜਕਵੀਂ ਲਲਕਾਰ ਦੇ।
ਅੰਨਦਾਤਾ ਪੇਟ ਸਭ ਦੇ ਭਰ ਰਿਹਾ,
ਓਸ ਦੇ ਸੰਘਰਸ਼ ਨੂੰ ਆਕਾਰ ਦੇ।
ਵੰਡਦਾ ਚਾਨਣ ਜਿਵੇਂ ਹੈ ਸੂਰਜਾ,
ਹਰ ਸਹੂਲਤ ਉਸ ਤਰ੍ਹਾਂ ਇਕਸਾਰ ਦੇ।
ਸਹਿਮ ਦੇ ਮਾਰੂਥਲਾਂ ਵਿੱਚ ਤੜਫ਼ਦੀ,
ਜ਼ਿੰਦਗੀ ਨੂੰ ਹੌਸਲਾ ਇਕ ਵਾਰ ਦੇ।
ਜਿਸ ਨੇ ਤੈਨੂੰ ਮਾਣ ਐਨਾ ਬਖ਼ਸ਼ਿਆ,
ਓਸ ਪਰਜਾ ਨੂੰ ‘ਕਮਲ’ ਸਤਿਕਾਰ ਦੇ।

## ਕੁੜੀਓ

**ਸੁਖਵਿੰਦਰ ਕੌਰ ‘ਹਰਿਆਓ’**

ਉਹ ਗੁਲਾਬਾਂ ਦੇ ਸੁਪਨੇ ਇਹ ਕੰਡਿਆਲੇ ਰਾਹ,
ਨਸੀਬੀਂ ਤੁਹਾਡੇ ਕੁੜੀਓ ਲਿਖਤ ਕੌਣ ਕਰ ਗਿਆ।
ਖੱਦਰ ਕੱਤ ਤੁੰਬ ਕੇ ਧਾਗਾ-ਧਾਗਾ ਪਰੋਇਆ,
ਮਰਜ਼ੀ ਦੇ ਰੰਗ ਫੁਲਕਾਰੀ ’ਤੇ ਕੌਣ ਧਰ ਗਿਆ।
ਤੁਸੀਂ ਰੰਗ ਚੁਣਦੀਆਂ ਰਹੀਆਂ ਛਣਕਾ ਕੇ,
ਨੀ ਇਹ ਵੰਗਾਂ ਦੇ ਟੋਟੇ-ਟੋਟੇ ਕੌਣ ਕਰ ਗਿਆ।
ਪੱਟੀਆਂ ਸੀ ਚਾਅ ਨਾਲ ਗੁੰਦੀਆਂ ਸੂਈਆਂ ਸਜਾ,
ਪਰਾਂਦਿਆਂ ਨੂੰ ਕਿੱਲੀ ਦੇ ਰਾਹ ਕੌਣ ਦੱਸ ਗਿਆ।
ਨੀ ਖਿੜੀਆਂ ਕਲੀਆਂ ਤੁਸੀਂ ਬਾਬਲੇ ਦੇ ਬਾਗੀਂ,
ਦੇਸ਼ ਵਸਦੀਆਂ ਨੂੰ ਪਰਦੇਸਣਾਂ ਕੌਣ ਕਰ ਗਿਆ।
ਧੀਆਂ ਨੂੰ ਬਿਗਾਨੀ ਜੂਹ ਤੋਰ ਬਾਬਲ ਫ਼ਿਕਰੀਂ,
ਨੀ ਇਹਨਾਂ ਜਿੱਤਾਂ ਨੂੰ ਹਾਰਾਂ ਕੌਣ ਕਰ ਗਿਆ।
ਨੀ ਕੌਣ ਚੁਰਾ ਕੇ ਤੁਰ ਗਿਆ ਬੇਫ਼ਿਕਰੀ,
ਹਾਸੇ ਖੋਹ ਤਲੀ ਉਦਾਸੀ ਕੌਣ ਧਰ ਗਿਆ।
ਰਾਜਾਨੁ ਜੰਮਣ ਵਾਲੀ ਨੂੰ ਮੰਦਾ ਨਾ ਆਖਿਆ ਨਾਨਕ,
ਖੋਹ ਕੇ ਸ਼ਿੰਗਾਰ ਫ਼ਕੀਰਾਂ ਦੇ ਹਾਲ ਕੌਣ ਕਰ ਗਿਆ।
ਜਗ ਦਾ ਚਾਨਣ ਨੀ ਤੁਸੀਂ ਸੂਰਜ ਦੀਆਂ ਜਾਈਆਂ,
ਤੁਹਾਡੇ ਲੇਖਾਂ ਵਿੱਚ ਹਨੇਰੇ ਨੀ ਕੌਣ ਭਰ ਗਿਆ।
ਨੀ ਤੁਸੀਂ ਬੋਲੋ ਦੁੱਖੜੇ ਪੀੜਾਂ ਨੂੰ ਫਰੋਲੋ,
ਭਰੇ ਨੈਣੀਂ ਦਿਲਾਂ ’ਚ ਖ਼ੌਫ ਕੌਣ ਭਰ ਗਿਆ।
ਦੋ ਥਾਵਾਂ ਦੇ ਦੇਸ਼ ਵਸਾ ਕੇ ਕਿਉਂ ਰਹੀਆਂ ਕੁਦੇਸਣਾਂ,
ਹਿੱਸੇ ਦੀ ਧਰਤੀ ਅੰਬਰ ’ਤੇ ਕੌਣ ਦਾਅਵੇ ਕਰ ਗਿਆ।

## ਇਤਰਾਜ਼

**ਕੰਵਰਪ੍ਰੀਤ ਕੌਰ ਮਾਨ**

ਜੇ ਮੈਂ ਲਿਖਾਂ ਤੇਰੇ ਚਿਹਰੇ ਦੀ ਸੰਗ
ਪਾਵਾਂ ਤੇਰੀ ਚੁੱਪ ਦੀ ਮੈਂ ਬਾਤ
ਕਰਾਂ ਬਿਆਨ ਤੇਰੇ ਗੂੰਗੇ ਲਫ਼ਜ਼ਾਂ ਨੂੰ
ਤਾਂ ਤੈਨੂੰ ਕੋਈ ਇਤਰਾਜ਼ ਤਾਂ ਨਹੀਂ?
ਤੱਕਾਂ ਤੇਰੀ ਰੂਹ ਦਾ ਲਿਬਾਸ
ਲਿਖਾਂ ਤੇਰੀ ਸਾਦਗੀ ਦੇ ਨਗਮੇਂ
ਕਰਾਂ ਬਿਆਨ ਤੇਰੇ ਬੋਲਾਂ ਦੇ ਗੀਤ ਬਣਾ
ਤਾਂ ਤੈਨੂੰ ਕੋਈ ਇਤਰਾਜ਼ ਤਾਂ ਨਹੀਂ?
ਤੇਰੀਆਂ ਅੱਖਾਂ ’ਚ ਕੁਦਰਤ ਦੇ ਰੰਗ ਭਰਦਿਆਂ
ਦੁਨੀਆਂ ਤੇਰੇ ਕਦਮੀਂ ਧਰ ਦਿਆਂ
ਖ਼ੁਸ਼ੀਆਂ ਦਾ ਬੂਟਾ ਤੇਰੇ ਵਿਹੜੇ ’ਚ ਉਗਾਵਾਂ
ਤਾਂ ਤੈਨੂੰ ਕੋਈ ਇਤਰਾਜ਼ ਤਾਂ ਨਹੀਂ?
ਜੇ ਅੰਬਰ ਦੀ ਜ਼ਮੀਨ ਤੇਰੇ ਨਾਂ ਕਰਾਂ
ਚੰਨ ਤਾਰੇ ਤੇਰੇ ਪਲੰਘ ’ਤੇ ਜੜਾਂ
ਬੱਦਲਾਂ ’ਤੇ ਤੇਰੀ ਹਕੂਮਤ ਚਲਾ ਦਿਆਂ
ਤਾਂ ਤੈਨੂੰ ਕੋਈ ਇਤਰਾਜ਼ ਤਾਂ ਨਹੀਂ?
ਮੈਂ ਤੇਰੇ ਬੁੱਲ੍ਹਾਂ ਨੂੰ ਨਦੀਆਂ ਦਾ ਨੀਰ ਛੁਹਾਵਾਂ
ਤੇਰੇ ਕੰਨਾਂ ਤੱਕ ਆਪਣੇ ਬੋਲ ਪਹੁੰਚਾ ਦਿਆਂ
ਜੇ ਤੇਰੀਆਂ ਅੱਖਾਂ ਆਪਣੀ ਤਸਵੀਰ ਬਣਾਵਾਂ
ਤਾਂ ਤੈਨੂੰ ਕੋਈ ਇਤਰਾਜ਼ ਤਾਂ ਨਹੀਂ?

## ਹੀਰ ਦਾ ਜਨਮ

ਵੇਖੋ ਕੁਦਰਤ ਕਾਦਰ ਵਾਲੀ,
ਡਾਢੇ ਰੱਬ ਕੀ ਭਾਈ ।
ਹੋਇਆ ਹੁਕਮ ਹਜ਼ੂਰੋਂ ਕੋਈ,
ਆਪੇ ਬਾਜ਼ੀ ਪਾਈ ।
ਵਾਰ ਬੁਢੇਂਦੀ ਮਹਿਰੀ ਕੁੰਦੀ,
ਵੇਖਹੁ ਫੁੱਟ ਵਿਆਈ ।
ਆਖ ਦਮੋਦਰ ਖਾਣ ਇਸ਼ਕ ਦੀ,
ਘਰ ਚੂਚਕਾਣੇ ਲਾਈ।
ਘਰ ਚੂਚਕ ਦੇ ਬੇਟੀ ਜੰਮੀ,
ਹੋਈਆਂ ਜੱਗ ਵਧਾਈਆਂ ।
ਨ੍ਹਾਤੀ ਧੋਤੀ ਪੱਟ ਵਲ੍ਹੇਟੀ,
ਕੁੱਛੜ ਕੀਤੀ ਦਾਈਆਂ ।
ਦੋ ਵਰ੍ਹਿਆਂ ਦੀ ਛੋਹਰ ਹੋਈ,
ਢੁੱਕ ਰਹੀਆਂ ਕੁੜਮਾਈਆਂ।
ਚਹੁੰ ਵਰ੍ਹਿਆਂ ਦੀ ਛੋਹਰ ਹੋਈ,
ਗੱਲਾਂ ਕਰੇ ਸਚਿਆਈਆਂ।
ਛੇਆਂ ਵਰ੍ਹਿਆਂ ਦੀ ਛੋਹਰ ਹੋਈ,
ਲੱਗੀ ਕਰਨ ਭਲਿਆਈਆਂ ।
ਅੱਠਾਂ ਵਰ੍ਹਿਆਂ ਦੀ ਛੋਹਰ ਹੋਈ ਤਾਂ
ਦਰ ਦਰ ਕੂਕਾਂ ਪਾਈਆਂ ।
ਦਸਾਂ ਵਰ੍ਹਿਆਂ ਦੀ ਛੋਹਰ ਹੋਈ
ਚਾਰੇ ਨਈਂ ਨਿਵਾਈਆਂ ।
ਬਾਰਾਂ ਵਰ੍ਹਿਆਂ ਦੀ ਛੋਹਰ ਹੋਈ,
ਤਾਂ ਰਾਂਝੇ ਅੱਖੀਆਂ ਲਾਈਆਂ ।

**-ਦਮੋਦਰ**

## ਉਹ ਸਭ ਕੁਝ ਕਰਨ ਨੂੰ ਤਿਆਰ

**ਬਰਤੋਲਤ ਬ੍ਰੈਖਤ**

ਉਹ ਸਭ ਕੁਝ ਕਰਨ ਨੂੰ ਤਿਆਰ
ਸਾਰੇ ਅਫ਼ਸਰ ਉਨ੍ਹਾਂ ਦੇ
ਜੇਲ ਅਤੇ ਸੁਧਾਰ ਘਰ ਉਨ੍ਹਾਂ ਦੇ
ਸਾਰੇ ਦਫ਼ਤਰ ਉਨ੍ਹਾਂ ਦੇ
ਕਾਨੂੰਨੀ ਕਿਤਾਬਾਂ ਉਨ੍ਹਾਂ ਦੀਆਂ
ਕਾਰਖਾਨੇ, ਹਥਿਆਰ ਉਨ੍ਹਾਂ ਦੇ
ਪਾਦਰੀ ,ਪ੍ਰੋਫ਼ੈਸਰ ਉਨ੍ਹਾਂ ਦੇ
ਜੱਜ ਅਤੇ ਜੇਲ੍ਹਰ ਤਕ ਉਨ੍ਹਾਂ ਦੇ
ਸਾਰੇ ਅਫ਼ਸਰ ਉਨ੍ਹਾਂ ਦੇ
ਅਖ਼ਬਾਰ, ਛਾਪੇਖਾਨੇ
ਸਾਨੂੰ ਆਪਣਾ ਬਣਾਉਣ ਲਈ
ਇਸ ਬਹਾਨੇ ਚੁੱਪ ਕਰਾਉਣ ਲਈ
ਮੰਤਰੀ ਤੇ ਗੁੰਡੇ ਤੱਕ ਉਨ੍ਹਾਂ ਦੇ
ਸਾਰੇ ਅਫ਼ਸਰ ਉਨ੍ਹਾਂ ਦੇ
ਇਕ ਦਿਨ ਅਜਿਹਾ ਆਵੇਗਾ
ਪੈਸਾ ਫਿਰ ਨਾ ਕੰਮ ਆਵੇਗਾ
ਹੱਥ ਧਰਿਆ ਹਥਿਆਰ
ਨਾ ਕੰਮ ਆਵੇਗਾ
ਤੇ ਇਹ ਜਲਦੀ ਹੀ ਹੋਵੇਗਾ
ਇਹ ਢਾਂਚਾ ਬਦਲ ਜਾਵੇਗਾ।




# ਜ਼ਾਲਮ ਪੁਲਿਸ ਅਫ਼ਸਰ ਸਾਡੇ ਜੁਝਾਰੂ ਸਿੰਘਾਂ ਦੇ ਘਰਾਂ 'ਤੇ ਕਬਜੇ ਕਰਦੇ ਰਹੇ ਹਨ, ਅਜਨਾਲੇ ਥਾਣੇ 'ਤੇ ਕਬਜਾ ਕਰਕੇ ਭਾਈ ਅੰਮ੍ਰਿਤਪਾਲ ਸਿੰਘ ਨੇ ਖ਼ਾਲਸਾਈ ਸ਼ਾਨ ਦਾ ਪ੍ਰਗਟਾਵਾ ਕੀਤਾ:ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ



ਅੰਮ੍ਰਿਤਸਰ:-ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ ਅਤੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਵਾਰਿਸ ਪੰਜਾਬ ਦੇ ਪ੍ਰਧਾਨ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੇ ਅਜਨਾਲੇ ਥਾਣੇ ਨੂੰ ਘੇਰ ਕੇ, ਕਬਜਾ ਕਰਕੇ ਕੁਝ ਗ਼ਲਤ ਨਹੀਂ ਕੀਤਾ ਉਸ ਘਟਨਾਕ੍ਰਮ ਵਿੱਚ ਪੁਲਿਸ ਦੋਸ਼ੀ ਸੀ ਤੇ ਭਾਈ ਲਵਪ੍ਰੀਤ ਸਿੰਘ ਉਰਫ਼ ਤੁਫ਼ਾਨ ਸਿੰਘ ਨੂੰ ਬੇਵਜ੍ਹਾ ਝੂਠੇ ਕੇਸ ਵਿੱਚ ਫਸਾਉਣਾ ਪੁਲਿਸ ਦੀ ਘਟੀਆ ਕਾਰਵਾਈ ਸੀ ਜਿਸ ਕਾਰਨ ਭੜਕਾਹਟ ਪੈਦਾ ਹੋਈ। ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ 'ਚ ਸਿੱਖ ਨੌਜਵਾਨਾਂ ਵੱਲੋਂ ਕੀਤੇ ਐਕਸ਼ਨ ਮਗਰੋਂ ਹੁਣ ਪੁਲਿਸ ਆਪਣੀ ਗ਼ਲਤੀ ਮੰਨ ਕੇ ਤੁਫ਼ਾਨ ਸਿੰਘ ਨੂੰ ਰਿਹਾਅ ਕਰ ਚੁੱਕੀ ਹੈ ਪਰ ਜਦੋਂ ਭਾਈ ਅੰਮ੍ਰਿਤਪਾਲ ਸਿੰਘ ਨੇ ਪੁਲੀਸ ਨੂੰ ਚਾਰ ਦਿਨਾਂ ਦਾ ਅਲਟੀਮੇਟਮ ਦਿੱਤਾ ਸੀ ਓਦੋਂ ਹੀ ਪੁਲਿਸ ਨੂੰ ਇਸ ਮਾਮਲੇ 'ਤੇ ਧਿਆਨ ਦੇਣਾ ਚਾਹੀਦਾ ਸੀ, ਪੁਲਿਸ ਨੇ ਉਸ ਉੱਤੇ ਝੂਠਾ ਪਰਚਾ ਪਾਇਆ ਹੀ ਕਿਉਂ ? ਇਸ ਪਿੱਛੇ ਕਿਹੜੇ ਸਿਆਸੀ ਕਾਰਨ ਸਨ ? ਕੀ ਪੁਲਿਸ ਸਿੱਖ ਨੌਜਵਾਨੀ ਨੂੰ ਫਿਰ ਥਾਣਿਆਂ-ਜੇਲ੍ਹਾਂ 'ਚ ਧੱਕਣਾ ਚਾਹੁੰਦੀ ਹੈ ?

ਪਹਿਲਾਂ ਵੀ ਕਈ ਝੂਠੇ ਕੇਸਾਂ ਨੇ ਸਿੱਖ ਨੌਜਵਾਨਾਂ ਦੀਆਂ ਜ਼ਿੰਦਗੀਆਂ ਬਰਬਾਦ ਕੀਤੀਆਂ ਹਨ। ਫ਼ੈਡਰੇਸ਼ਨ ਆਗੂਆਂ ਨੇ ਕਿਹਾ ਕਿ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰਨ ਆਈਆਂ ਸਿੱਖ ਸੰਗਤਾਂ ਦੇ ਅੱਗੇ ਬੈਰੀਕੇਡ ਲਾ ਕੇ, ਲਾਠੀਚਾਰਜ ਕਰਕੇ ਪੁਲਿਸ ਨੇ ਲੜਾਈ, ਖਿੱਚੋਤਾਣ, ਉਕਸਾਉਣ ਤੇ ਭੜਕਾਉਣ ਦਾ ਮਹੌਲ ਪੈਦਾ ਕੀਤਾ ਜਿਸ ਕਾਰਨ ਟਕਰਾਅ ਹੋਇਆ। ਕੀ ਆਪਣੀ ਗੱਲ ਰੱਖਣ ਦਾ, ਸਫਾਈ ਪੇਸ਼ ਕਰਨ ਦਾ ਵੀ ਹੱਕ ਨਹੀਂ ? ਕੀ ਇਹ ਜੁਰਮ ਹੈ ?

ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ 1980-90 ਦੇ ਦਹਾਕੇ 'ਚ ਜ਼ਾਲਮ ਪੁਲਿਸ ਅਫ਼ਸਰਾਂ ਨੇ ਸਾਡੇ ਜੁਝਾਰੂ ਸਿੰਘਾਂ ਦੇ ਘਰਾਂ ਉੱਤੇ ਕਬਜ਼ਾ ਕੀਤੇ ਸਨ। ਸ਼ਹੀਦ ਜਥੇਦਾਰ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਘਰ 'ਤੇ ਪੁਲਿਸ ਵੱਲੋਂ ਕੀਤਾ ਕਬਜਾ ਅਤੇ ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧਸਿੰਘਵਾਲਾ ਦੇ ਘਰ ਦਾ ਗੇਟ ਪੁੱਟ ਕੇ ਥਾਣੇ ਲਾ ਦੇਣਾ ਦੋ ਪ੍ਰਮੁੱਖ ਘਟਨਾਵਾਂ ਹਨ।

ਜੇਕਰ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਸਿੱਖ ਨੌਜਵਾਨਾਂ ਨੇ ਅਜਨਾਲੇ ਥਾਣੇ ਉੱਤੇ ਤਿੰਨ ਘੰਟੇ ਕਬਜਾ ਕਰ ਲਿਆ ਤਾਂ ਕੁਝ ਗਲਤ ਨਹੀਂ ਕੀਤਾ, ਸਗੋਂ ਹਿੰਦ ਹਕੂਮਤ ਨੂੰ ਭਾਜੀ ਮੋੜੀ ਗਈ ਹੈ। ਉਹਨਾਂ ਕਿਹਾ ਕਿ ਜੂਨ 1984 ਵਿੱਚ ਹਿੰਦ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ ਉਤੇ ਟੈਂਕਾਂ-ਤੋਪਾਂ ਨਾਲ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕੀਤਾ ਸੀ ਅਤੇ ਸਾਡੇ ਗੁਰਧਾਮਾਂ 'ਤੇ ਫ਼ੌਜ ਨੇ ਕਬਜਾ ਕਰਕੇ ਤਿਰੰਗੇ ਝੰਡੇ ਲਹਿਰਾਏ ਸਨ ਜੋ ਸਿੱਖਾਂ ਨੂੰ ਇੱਕ ਵੰਗਾਰ ਸੀ। ਉਹਨਾਂ ਕਿਹਾ ਕਿ ਹਿੰਦ ਹਕੂਮਤ ਵੱਲੋਂ ਜੋ ਸਿੱਖਾਂ ਨਾਲ ਜ਼ੁਲਮ, ਧੱਕੇਸ਼ਾਹੀਆਂ ਅਤੇ ਵਿਤਕਰੇ ਕੀਤੇ ਜਾ ਰਹੇ ਹਨ ਇਹ ਉਹਨਾਂ ਦੇ ਰੋਹ ਦਾ ਹੀ ਪ੍ਰਗਟਾਵਾ ਹੈ। ਆਗੂਆਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਾਵਨ ਸਰੂਪ ਲਿਜਾਣ ਦੇ ਮਾਮਲੇ ਵਿੱਚ ਖ਼ਾਲਸਾ ਪੰਥ ਵਿੱਚ ਦੋ ਰਾਵਾਂ ਹਨ ਤੇ ਖ਼ਾਲਸਾ ਪੰਥ ਮਿਲ ਬੈਠ ਕੇ ਛੇਤੀ ਹੀ ਇਸ ਮਸਲੇ ਨੂੰ ਵਿਚਾਰ ਲਵੇਗਾ।

ਲੇਕਿਨ ਜੋ ਨੈਸ਼ਨਲ ਮੀਡੀਆ, ਹਿੰਦ ਸਰਕਾਰ, ਕਾਂਗਰਸ, ਬਾਦਲ ਦਲ, ਕਾਮਰੇਡ ਲਾਣਾ, ਝਾੜੂ ਪਾਰਟੀ ਤੇ ਹੋਰ ਪੰਥ ਤੇ ਪੰਜਾਬ ਵਿਰੋਧੀਆਂ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਖ਼ਾਲਿਸਤਾਨ ਦੀ ਅਜ਼ਾਦੀ ਲਈ ਅਵਾਜ਼ ਬੁਲੰਦ ਕਰਨ ਕਰਕੇ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਸ ਦਾ ਖ਼ਾਲਸਾ ਪੰਥ ਨੂੰ ਇੱਕਮੁੱਠ ਹੋ ਕੇ ਠੋਕਵਾਂ ਜਵਾਬ ਦੇਣਾ ਚਾਹੀਦਾ ਹੈ। ਇਸ ਮੌਕੇ ਫ਼ੈਡਰੇਸ਼ਨ ਦੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਜਥੇਬੰਧਕ ਸਕੱਤਰ ਭਾਈ ਮਨਪ੍ਰੀਤ ਸਿੰਘ ਮੰਨਾ, ਹਰਪ੍ਰੀਤ ਸਿੰਘ ਬੰਟੀ ਅਤੇ ਜ਼ਿਲ੍ਹਾ ਪ੍ਰਧਾਨ ਭਾਈ ਜਸਕਰਨ ਸਿੰਘ ਪੰਡੋਰੀ, ਬਾਬਾ ਸੁਖਵਿੰਦਰ ਸਿੰਘ ਨਿਜ਼ਾਮਪੁਰ ਆਦਿ ਹਾਜ਼ਰ ਸਨ।


GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All





TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY
1890- SKEENA STREET, VANCOUVER, B.C., CANADA
PHONE (604) 254-2117, FAX: (604) 254-5309
ਦੇਗ ਤੇਗ ਫ਼ਤਿਹ — ਪੰਥ ਕੀ ਜੀਤ

4 ਮਾਰਚ, ਦਿਨ ਸ਼ਨਿੱਚਰਵਾਰ.......ਸਵੇਰ ਨੂੰ ਲੰਗਰ ਦੀ ਸੇਵਾ ਭਾਈ ਦਰਸ਼ਨ ਸਿੰਘ ਮਾਂਗਟ ਅਤੇ ਪਰਿਵਾਰ ਵਲੋਂ ਹੋਵੇਗੀ।
5 ਮਾਰਚ, ਦਿਨ ਐਤਵਾਰ...........ਸਵੇਰ ਨੂੰ 9:00 ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।
5 ਮਾਰਚ, ਦਿਨ ਐਤਵਾਰ...........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸਰਬਜੀਤ ਸਿੰਘ ਬੜੈਚ ਅਤੇ ਪਰਿਵਾਰ ਵਲੋਂ ਹੋਵੇਗੀ।
8 ਮਾਰਚ, ਦਿਨ ਬੁੱਧਵਾਰ............ਹੋਲਾ ਮਹੱਲਾ ਦਿਹਾੜਾ ਹੈ।
11 ਮਾਰਚ, ਦਿਨ ਸ਼ਨਿੱਚਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
11 ਮਾਰਚ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਬਲਰਾਜ ਸਿੰਘ ਹੁੰਡਲ ਅਤੇ ਪਰਿਵਾਰ ਵਲੋਂ ਹੋਵੇਗੀ।
11 ਮਾਰਚ, ਦਿਨ ਸ਼ਨਿੱਚਰਵਾਰ......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬਲਦੇਵ ਸਿੰਘ ਗਰੇਵਾਲ ਪਰਿਵਾਰ ਵਲੋਂ ਹੋਵੇਗੀ।
11 ਮਾਰਚ, ਦਿਨ ਸ਼ਨਿੱਚਰਵਾਰ......ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਬਲਦੇਵ ਸਿੰਘ ਧਾਮੀ ਅਤੇ ਪਰਿਵਾਰ ਵਲੋਂ ਹੋਵੇਗੀ।
12 ਮਾਰਚ, ਦਿਨ ਐਤਵਾਰ..........ਸਵੇਰ ਨੂੰ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
14 ਮਾਰਚ, ਦਿਨ ਮੰਗਲਵਾਰ.........ਸੰਗਰਾਂਦ ਹੈ, ਸ਼ਾਮ ਨੂੰ ਦੀਵਾਨ ਸਜਣਗੇ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ     ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਹਸਗੁੱਲੇ

ਘਰ ਵਿੱਚ ਪਤਨੀ ਨਾਲ ਝਗੜਾ ਹੋਣ ਤੋਂ ਬਾਅਦ ਪਤੀ ਨੇ ਗੁੱਸੇ ਵਿੱਚ ਪੱਖੇ ਨਾਲ ਰੱਸੀ ਦਾ ਫੰਦਾ ਬਣਾਇਆ ਤੇ ਸਟੂਲ ਉੱਤੇ ਚੜ੍ਹ ਕੇ ਉਸ ਨੂੰ ਗਲੇ ਵਿੱਚ ਪਾਉਣ ਲੱਗਾ ਤਾਂ ਉਸ ਦੀ ਪਤਨੀ ਬੋਲੀ, ''ਜੋ ਵੀ ਕਰਨਾ ਹੈ, ਜਲਦੀ ਕਰੋ।"

ਪਤੀ, ''ਤੂੰ, ਮੈਨੂੰ ਸ਼ਾਂਤੀ ਨਾਲ ਮਰਨ ਵੀ ਨਹੀਂ ਦੇਵੇਂਗੀ?" ਪਤਨੀ, ''ਜਲਦੀ ਕਰੋ, ਮੈਨੂੰ ਸਟੂਲ ਦੀ ਜ਼ਰੂਰਤ ਹੈ।"

********

ਪੰਕਜ ਸਕੂਲ ਜਾਣ ਸਮੇਂ ਬਹੁਤ ਰੋ ਰਿਹਾ ਸੀ ਤਾਂ ਪਾਪਾ ਬੋਲੇ, ''ਚੁੱਪ ਹੋ ਜਾ, ਸ਼ੇਰ ਦੇ ਬੱਚੇ ਕਦੀ ਰੋਂਦੇ ਨਹੀਂ?"

ਪੰਕਜ, ''ਪਾਪਾ, ਸ਼ੇਰ ਦੇ ਬੱਚੇ ਸਕੂਲ ਵੀ ਨਹੀਂ ਜਾਂਦੇ।"

********

ਪੱਪੂ (ਚੰਪਕ ਨੂੰ), ''ਕਿਸੇ ਦਿਨ ਮੈਂ ਤੇਰੇ ਕੁੱਤੇ ਦੀ ਜਾਨ ਲੈ ਲਵਾਂਗਾ।"

ਚੰਪਕ, ''ਕਿਉਂ, ਅਜਿਹਾ ਕੀ ਕੀਤਾ ਇਸ ਨੇ?"

ਪੱਪੂ, ''ਜਦੋਂ ਵੀ ਮੈਂ ਗਾਉਣ ਲੱਗਦਾ ਹਾਂ, ਇਹ ਭੌਂਕਣਾ ਸ਼ੁਰੂ ਕਰ ਦਿੰਦਾ ਹੈ।"

ਚੰਪਕ, ''ਇਸ ਵਿੱਚ ਇਸ ਦਾ ਕੀ ਕਸੂਰ, ਸ਼ੁਰੂਆਤ ਤਾਂ ਤੂੰ ਹੀ ਕਰਦੈਂ।"

********

ਪਤਨੀ (ਪਤੀ ਨੂੰ) ਸੁਣੋ ਜੀ 'ਸੋਮਵਾਰ ਨੂੰ ਖ਼ਰੀਦਦਾਰੀ, ਮੰਗਲ ਨੂੰ ਹੋਟਲ ਚਲਾਂਗੇ, ਬੁੱਧ ਨੂੰ ਲਾਂਗ ਡਰਾਈਵ, ਵੀਰਵਾਰ ਨੂੰ ਰੈਸਟੋਰੈਂਟ, ਸ਼ੁੱਕਰਵਾਰ ਮੂਵੀ ਦੇਖਾਂਗੇ ਤੇ ਸ਼ਨੀਵਾਰ ਨੂੰ ਪਿਕਨਿਕ, ਕਿੰਨਾ ਮਜ਼ਾ ਆਏਗਾ ਹੈਨਾ..

ਪਤੀ: ਜ਼ਰੂਰ ਤੇ ਐਤਵਾਰ ਨੂੰ ਮੰਦਰ ਜਾਵਾਂਗੇ !

ਪਤਨੀ :ਉਹ ਕਿਉਂ?

ਪਤੀ :-ਭੀਖ ਮੰਗਣ ..

********

.ਸੁਰੇਸ਼: ਉਏ ਪੱਪੂ ਜਲਦੀ ਉੱਠ ਭੂਚਾਲ ਆ ਗਿਆ ਸਾਰਾ ਘਰ ਹਿੱਲ ਰਿਹਾ !

ਪੱਪੂ :-ਓ ਯਾਰ ਚੁੱਪ ਚਾਪ ਜਾ ਕੇ ਸੌਂ ਜਾ ਜੇਕਰ ਘਰ ਡਿੱਗੇਗਾ ਤਾਂ ਸਾਡਾ ਕੀ ਜਾਵੇਗਾ ਅਸੀਂ ਕਿਰਾਏਦਾਰ ਹਾਂ

ਬੇਟਾ: ਮੰਮੀ ਤੁਹਾਡੇ ਲਈ ਮੇਰੀ ਕੀਮਤ ਕੀ ਹੈ?

ਮੰਮੀ :-ਬੇਟਾ ਤੂੰ ਤਾਂ ਕਰੋੜਾਂ ਦਾ ਹੈ!

ਬੇਟਾ: ਤਾਂ ਠੀਕ ਐ ਉਨ੍ਹਾਂ ਕਰੋੜਾਂ ਵਿੱਚੋਂ ਪੱਚੀ ਹਜ਼ਾਰ ਰੁਪਏ ਦੇਣਾ ਮੈਂ ਗੋਆ ਘੁੰਮਣ ਜਾਣਾ

********

ਗੀਤਾ, ''ਦੁਨੀਆ ਵਿੱਚ ਕਿਹੋ ਜਿਹੇ ਲੋਕ ਭਰੇ ਪਏ ਹਨ?"

ਰੀਟਾ, ''ਕਿਉਂ ਕੀ ਹੋਇਆ?"

ਗੀਤਾ, ''ਕੱਲ੍ਹ ਸਵੇਰੇ ਦੁੱਧ ਵਾਲੀ ਮੈਨੂੰ 10 ਰੁਪਏ ਦਾ ਖੋਟਾ ਸਿੱਕਾ ਦੇ ਗਈ।"

ਰੀਟਾ, ''ਕਿੱਥੇ ਹੈ ਉਹ ਸਿੱਕਾ?"

ਗੀਤਾ, ''ਉਹ ਮੈਂ ਸਬਜ਼ੀ ਵਾਲੇ ਨੂੰ ਦੇ ਕੇ ਸਬਜ਼ੀ ਖਰੀਦ ਲਈ ਸੀ।"

********

ਪਤੀ, ''ਤੂੰ ਮੈਨੂੰ ਗੱਲ-ਗੱਲ ਉੱਤੇ ਆਪਣੀ ਮਾਂ ਕੋਲ ਜਾਣ ਦੀ ਧਮਕੀ ਕਿਉਂ ਦਿੰਦੀ ਏਂ? ਇਹ ਚੰਗੀ ਗੱਲ ਨਹੀਂ"

ਪਤਨੀ, ''ਠੀਕ ਹੈ, ਮੈਂ ਜਾਣ ਦਾ ਇਰਾਦਾ ਛੱਡ ਦਿੱਤਾ ਹੈ। ਮੈਂ ਮਾਂ ਨੂੰ ਇੱਥੇ ਹੀ ਬੁਲਾ ਲਵਾਂਗੀ?"

********

ਪਤਨੀ, ''ਜੇ ਫਿਰ ਤੋਂ ਲਾਕਡਾਊਨ ਲੱਗ ਜਾਵੇ ਤਾਂ ਮਜ਼ਾ ਆ ਜਾਵੇ।"

ਪਤੀ, ''ਕਿਉਂ?"

ਪਤਨੀ, ''ਮੈਨੂੰ ਕੰਮ ਵਾਲੀ ਨਾਲੋਂ ਤੁਹਾਡਾ ਕੀਤਾ ਕੰਮ ਜ਼ਿਆਦਾ ਚੰਗਾ ਲੱਗਦਾ ਹੈ।"

ਮੈਡਮ, 'ਜੋ ਬੇਵਕੂਫ ਹੈ ਉਹ ਖੜ੍ਹਾ ਜਾਵੇ"।

ਸੰਜੂ ਖੜ੍ਹਾ ਹੋ ਗਿਆ..

ਮੈਡਮ, 'ਕੀ ਤੂੰ ਬੇਵਕੂਫ ਹੈਂ?'

ਸੰਜੂ, "ਨਹੀਂ ਮੈਡਮ,ਤੁਸੀਂ ਇਕੱਲੇ ਖੜ੍ਹੇ ਸੀ ਤਾਂ ਮੈਨੂੰ ਚੰਗਾ ਨਹੀਂ ਲੱਗਿਆ'।

********

ਛਿੰਦਾਂ ( ਘੋਨੇ ਨੂੰ) ਤੈਨੂੰ ਪਤਾ ਇੱਕ ਅਮਰੀਕੀ ਡਾਕਟਰ ਭਾਰਤ ਆਇਆ ਤਾਂ ਬੱਸ ਸਟੇਂਡ ਤੇ ਇੱਕ ਕਿਤਾਬ ਦੇਖਦੇ ਹੀ ਉਸਨੂੰ ਦਿਲ ਦਾ ਦੌਰਾ ਪੈ ਗਿਆ।

ਘੋਨਾ( ਹੈਰਾਨ ਹੋ ਕੇ) ਅੱਛਾ ਉਹ ਕਿਵੇਂ?

ਛਿੰਦਾ:-"20 ਰਪਾਏ ਦੀ ਕਿਤਾਬ ਦਾ ਨਾਮ ਸੀ '30 ਦਿਨਾ ਵਿੱਚ ਡਾਕਟਰ ਕਿਵੇਂ ਬਣੀਏ'

********

ਕੁੰਭ ਦੇ ਮੇਲੇ ਵਿੱਚ ਇਕ ਆਦਮੀ ਪ੍ਰਾਰਥਨਾ ਕਰ ਰਿਹਾ ਸੀ; "ਰੱਬਾ! ਨਿਆਂ ਕਰ, ਨਿਆਂ!

ਹਮੇਸ਼ਾ ਇਸ ਮੇਲੇ ਵਿੱਚ ਭਰਾ-ਭਰਾ, ਭੈਣ-ਭੈਣ ਹੀ ਕਿਉਂ ਵਿੱਛੜਦੇ ਹਨ?

ਕਦੇ ਪਤੀ-ਪਤਨੀ 'ਤੇ ਵੀ ਟ੍ਰਾਈ ਕਰ।"

********

ਕਮਲਾ, ''ਤੂੰ ਰੋਜ਼-ਰੋਜ਼ ਉਪਰ ਦੇਖ ਕੇ ਪੱਥਰ ਕਿਉਂ ਮਾਰਦਾ ਏਂ?"

ਰਮਨ, ''ਕਿਉਂਕਿ ਇਕ ਦਿਨ ਕਿਸੇ ਨੇ ਮੈਨੂੰ ਕਿਹਾ ਸੀ ਕਿ ਜੋੜੀ ਉਪਰੋਂ ਬਣ ਕੇ ਆਉਂਦੀ ਹੈ।"

********

ਦੋ ਪੁਰਾਣੇ ਦੋਸਤ ਲੰਮੇ ਸਮੇਂ ਬਾਅਦ ਮਿਲੇ।

ਇਕ ਦੂਜੇ ਦਾ ਹਾਲ ਪੁੱਛਣ 'ਤੇ ਪਤਾ ਲੱਗਾ ਕਿ ਦੋਵੇਂ ਹੁਣ ਵਿਆਹੁਤਾ ਹਨ।

ਇਕ ਨੇ ਦੂਜੇ ਨੂੰ ਉਤਸੁਕਤਾ ਨਾਲ ਪੁੱਛਿਆ, ''ਕਿਹੋ ਜਿਹੀ ਹੈ ਤੇਰੀ ਪਤਨੀ?"

ਦੂਜੇ ਨੇ ਜਵਾਬ ਦਿੱਤਾ, ''ਮੇਰੀ ਪਤਨੀ ਦਾ ਕੀ ਕਹਿਣਾ ਯਾਰ, ਉਹ ਤਾਂ ਸਵਰਗ ਦੀ ਅਪਸਰਾ ਹੈ।"

ਪਹਿਲਾ ਉਦਾਸ ਹੋ ਕੇ ਬੋਲਿਆ, ''ਖੁਸ਼ਕਿਸਮਤ ਏਂ ਭਰਾ, ਮੇਰੀ ਤਾਂ ਅਜੇ ਜ਼ਿੰਦਾ ਹੈ।"

********

* ਜ਼ਰਦਾ ਲਾਉਣ ਵਾਲੇ ਧਿਆਨ ਦੇਣ *

ਪਤੀ ਬਹੁਤ ਉਦਾਸ ਜਿਹਾ ਘਰ ਮੁੜਿਆ

ਪਤਨੀ: ਕੀ ਗੱਲ ਹੋ ਗਈ ਮੂੰਹ ਕਿਉਂ ਉਤਰਿਆ ਹੋਇਆ ਅੱਜ ?

ਪਤੀ: ਅੱਜ ਫੈਕਟਰੀ ਚ ਤਾਰਾਂ ਸ਼ਾਰਟ ਹੋਣ ਨਾਲ ਅੱਗ ਲਗ ਗਈ ਸਾਰੇ ਮਜ਼ਦੂਰ ਮਾਰੇ ਗਏ।

ਪਤਨੀ: ਹਾਏ ਰੱਬਾ... ਫੇਰ ਤੁਸੀਂ ਕਿਵੇਂ ਬਚ ਗਏ?

ਪਤੀ :ਮੈਂ ਥੋੜ੍ਹੀ ਦੇਰ ਲਈ ਜ਼ਰਦਾ ਮਲਣ ਬਾਹਰ ਚਲਾ ਗਿਆ ਸੀ

ਪਤਨੀ: ਚੱਲੋ ਸ਼ੁਕਰ ਆ ਰੱਬ ਦਾ .... ਤੁਹਾਡੀ ਜਾਨ ਬਚ ਗਈ।

ਪਤੀ: ਮਾਲਕਾਂ ਨੇ ਮਰਨ ਵਾਲੇ ਦੇ ਪਰਿਵਾਰ ਨੂੰ 10 ਲੱਖ ਦੇਣ ਦਾ ਐਲਾਨ ਕੀਤਾ ਹੈ।

ਪਤਨੀ(ਜਲਕੇ)- ਵੇ ਕੰਜਰਾ ਅੱਗ ਲੱਗ ਜਾਵੇ ਤੇਰੇ ਜ਼ਰਦੇ ਨੂੰ .....ਹਰਾਮਜ਼ਾਦੇ ਨੂੰ ਕਿੰਨੀ ਵਾਰ ਕਿਹਾ ਵੀ ਜ਼ਰਦਾ ਲਾਉਣਾ ਛੱਡਦੇ ..... ਗਏ ਨਾਂ 10 ਲੱਖ ਰੁਪਏ।

********

ਇਕ ਵਾਰ ਨੇਤਾ ਜੀ ਆਪਣੇ ਇਲਾਕੇ ਦਾ ਦੌਰਾ ਕਰਨ ਲਈ ਟਰੇਨ ਵਿੱਚ ਜਾ ਰਹੇ ਸਨ। ਟਰੇਨ 'ਚ ਵਾਰਨਿੰਗ ਲਿਖੀ ਸੀ; 'ਬਿਨਾਂ ਟਿਕਟ ਯਾਤਰਾ ਕਰਨ ਵਾਲੇ ਯਾਤਰੀ ਹੁਸ਼ਿਆਰ।'

ਨੇਤਾ ਜੀ ਕਹਿਣ ਲੱਗੇ, "ਹੈਂ! ਜੋ ਟਿਕਟ ਲੈ ਕੇ ਯਾਤਰਾ ਕਰ ਰਹੇ ਹਨ, ਉਹ ਸਭ ਬੇਵਕੂਫ ਹਨ?"

*************

ਨੇਤਾ ਜੀ, "ਮੈਨੂੰ ਵੋਟ ਦਿਓ, ਮੈਂ ਤੁਹਾਡੇ ਪਿੰਡ ਨੂੰ ਸਵਰਗ ਬਣਾ ਦੇਵਾਂਗਾ।"

ਸੁਣਨ ਵਾਲੇ, "...ਪਰ ਜਨਾਬ ਅਸੀਂ ਤਾਂ ਅਜੇ ਜਿਉਂਦੇ ਰਹਿਣਾ ਹੈ। ਸ਼ਹਿਰ ਹੀ ਬਣਾ ਦਿਓ।"

*************

ਅਮਿਤ, "ਸ਼ਰਾਬੀ ਮਰਨ ਤੋਂ ਬਾਅਦ ਨਰਕ ਵਿੱਚ ਜਾਂਦੇ ਹਨ ਜਾਂ ਸਵਰਗ ਵਿੱਚ?"

ਸੁਮਿਤ, "ਮੈਨੂੰ ਨਹੀਂ ਪਤਾ। ਉਂਝ ਤੂੰ ਕਿੱਥੇ ਜਾਣਾ ਚਾਹੁੰਦੇ ਏਂ?"

ਅਮਿਤ, "ਦੋਵਾਂ ਵਿੱਚੋਂ ਇਕ ਜਗ੍ਹਾ ਤਾਂ ਜਾਣਾ ਹੀ ਪਵੇਗਾ।"ਸੁਮਿਤ, "ਤੂੰ ਚਲਾ ਜਾਵੀਂ, ਪੀਣ ਤੋਂ ਬਾਅਦ ਮੈਂ ਤਾਂ ਕਿਤੇ ਜਾਂਦਾ ਨਹੀਂ।"

*************

ਚਿੰਟੂ (ਪੰਡਿਤ ਨੂੰ), "ਮੈਨੂੰ ਸੰਸਕ੍ਰਿਤ ਸਿਖਾ ਦਿਓ ਪੰਡਿਤ ਜੀ।

"ਪੰਡਿਤ, "ਭਲਾ ਕਿਉਂ?"

ਚਿੰਟੂ, "ਇਹ ਦੇਵਤਿਆਂ ਦੀ ਭਾਸ਼ਾ ਹੈ, ਸਵਰਗ ਵਿੱਚ ਲੋੜ ਪਵੇਗੀ।"ਪੰਡਿਤ, "...ਪਰ ਜੇ ਤੂੰ ਨਰਕ ਵਿੱਚ ਚਲਾ ਗਿਆ ਤਾਂ?"ਚਿੰਟੂ, "ਫਿਰ ਗਾਲ੍ਹਾਂ ਕੱਢਣੀਆਂ ਆਉਂਦੀਆਂ ਹੀ ਹਨ?"

*************

ਰੇਲ ਗੱਡੀ ਦੇ ਡੱਬੇ ਵਿੱਚ ਚਿੰਟੂ ਦੀ ਮਾਂ ਨੇ ਉਸ ਨੂੰ ਕਿਹਾ, "ਚੁੱਪ ਬੈਠਾ ਰਹਿ, ਸ਼ਰਾਰਤ ਕੀਤੀ ਤਾਂ ਮਾਰਾਂਗੀ।"

ਚਿੰਟੂ, "ਤੁਸੀਂ ਮੈਨੂੰ ਮਾਰਿਆ ਤਾਂ ਮੈਂ ਟਿਕਟ ਚੈਕਰ ਨੂੰ ਆਪਣੀ ਸਹੀ ਉਮਰ ਦੱਸ ਦੇਵਾਂਗਾ।"

*************

ਕੁੜੀ, "ਤੁਸੀਂ ਸਾਰੇ ਮੁੰਡੇ ਇਕੋ ਜਿਹੇ ਕਿਉਂ ਹੁੰਦੇ ਹੋ?"

ਮੁੰਡਾ, "ਅਸਲ ਵਿੱਚ ਅਸੀਂ ਮੇਕਅੱਪ ਨਹੀਂ ਕਰਦੇ ਨਾ, ਇਸ ਲਈ।"

*************

ਇਕ ਵਿਆਹੇ ਹੋਏ ਆਦਮੀ ਨੇ ਆਪਣੀ ਕਵਿਤਾ ਵਿੱਚ ਲਿਖਿਆ, "ਮਾਂਗ ਭਰਨੇ ਕੀ ਸਜ਼ਾ ਕੁਛ ਇਸ ਕਦਰ ਪਾ ਰਹਾ ਹੂੰ ਕਿ ਮਾਂਗ ਪੂਰੀ ਕਰਤੇ-ਕਰਤੇ ਮਾਂਗ ਕੇ ਖਾ ਰਹਾ ਹੂੰ।"

*************

ਪੱਪੂ (ਪਾਪਾ ਨੂੰ), "ਪਾਪਾ, ਵਿਆਹ ਲਈ ਕਿੰਨੇ ਪੈਸੇ ਚੁਕਾਉਣੇ ਪੈਂਦੇ ਹਨ?"ਪਾਪਾ, "ਪਤਾ ਨਹੀਂ, ਮੈਂ ਤਾਂ ਅਜੇ ਤੱਕ ਚੁਕਾ ਰਿਹਾ ਹਾਂ।"

*************

ਨਰੇਸ਼ ਦਾ ਵਿਆਹ ਇਕ ਅਨਪੜ੍ਹ ਔਰਤ ਨਾਲ ਹੋ ਗਿਆ।

ਵਿਆਹ ਦੀ ਪਹਿਲੀ ਰਾਤ ਪਤਨੀ ਉਸ ਨੂੰ ਕਹਿਣ ਲੱਗੀ, "ਤੁਸੀਂ ਤਾਂ ਬੜੇ ਹੀ ਚੰਗੇ ਤੇ ਦਿਆਲੂ ਇਨਸਾਨ ਹੋ ਜੀ।

ਤੁਸੀਂ ਤਾਂ ਮੇਰਾ ਉਦਾਰ ਹੀ ਕਰ ਦਿੱਤਾ।"ਇਸ 'ਤੇ ਨਰੇਸ਼ ਬੋਲਿਆ, "ਅਜਿਹੀ ਕੋਈ ਗੱਲ ਨਹੀਂ।"

ਪਤਨੀ ਬੋਲੀ, "ਮੇਰੀ ਭਾਬੀ ਤੇ ਮੇਰੀ ਚਾਚੀ ਹਮੇਸ਼ਾ ਮੈਨੂੰ ਸੁਣਾਉਂਦੀਆਂ ਰਹਿੰਦੀਆਂ ਸਨ ਕਿ ਤੇਰੇ ਵਰਗੀ ਬੇਵਕੂਫ ਨਾਲ ਤਾਂ ਕੋਈ ਗਧਾ ਹੀ ਵਿਆਹ ਕਰਵਾਏਗਾ ਅਤੇ ਤੇਰਾ ਉਦਾਰ ਕਰੇਗਾ।"

*************


Expert Advice, Consultation & Representation in all your legal matters



**FAMILY LAW**
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

**IMMIGRATION LAW**
- Students, Workers and Visitors cases
- All Immigration matters
- Sponsorship cases

**REAL ESTATE IN BC AND ALBERTA**
- Sale and purchase of Residential and Commercial Properties in **BC** and **Alberta**
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

**EMPLOYMENT LAW**
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

**CORPORATE & BUSINESS LAW**
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

**NOTARY SERVICES**
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

**BENEFITS OF CHOOSING US**
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

**CHARANJEET KAUR RAINA**
LAWYER AND NOTARY PUBLIC

**778 835 8455**
#201-13049 76th Avenue, Surrey BC V3W2V7
www.rainalaw.com Email : craina@rainalaw.com

# ਚਰਨਜੀਤ ਪਰਹਾਰ ਦੀ ਮੌਤ 'ਚ ਦੋਸ਼ੀ ਮਨਦੀਪ ਕੌਰ ਸਿੱਧੂ ਨੂੰ ਲੱਗਾ 1,500 ਡਾਲਰ ਦਾ ਜੁਰਮਾਨਾ

ਵੈਨਕੂਵਰ- ਕੈਨੇਡਾ ਵਿਚ ਕੋਸਟ ਮਾਉਂਟੇਨ ਬੱਸ ਡਰਾਈਵਰ ਮਨਦੀਪ ਕੌਰ ਸਿੱਧੂ (47) ਨੂੰ ਲਾਪ੍ਰਵਾਹੀ ਨਾਲ ਡਰਾਈਵਿੰਗ ਕਰਨ ਕਾਰਨ ਵਾਪਰੇ ਹਾਦਸੇ ਲਈ 1,500 ਡਾਲਰ ਦਾ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਗਿਆ ਹੈ। ਇਸ ਹਾਦਸੇ ਵਿਚ ਇੱਕ ਸਹਿ-ਕਰਮਚਾਰੀ 2 ਬੱਸਾਂ ਵਿਚਕਾਰ ਫਸ ਗਿਆ, ਜਿਸ ਕਾਰਨ ਉਸਦੀ ਮੌਤ ਹੋ ਗਈ। ਮਨਦੀਪ ਕੌਰ ਸਿੱਧੂ (47) ਨੂੰ ਵੈਨਕੂਵਰ ਦੀ ਪ੍ਰੋਵਿੰਸ਼ੀਅਲ ਅਦਾਲਤ ਵਿੱਚ ਸ਼ੁੱਕਰਵਾਰ ਨੂੰ ਉਚਿਤ ਦੇਖ਼ਭਾਲ ਅਤੇ ਬਿਨਾਂ ਧਿਆਨ ਦੇ ਡਰਾਈਵਿੰਗ ਕਰਨ ਲਈ ਸਜ਼ਾ ਸੁਣਾਈ ਗਈ। ਉਸ 'ਤੇ ਅਗਸਤ 2022 ਵਿਚ ਦੋਸ਼ ਲਗਾਇਆ ਗਿਆ ਸੀ ਅਤੇ ਇਸ ਮਹੀਨੇ ਦੇ ਸ਼ੁਰੂ ਵਿਚ ਉਸ ਦੋਸ਼ੀ ਮੰਨਿਆ ਗਿਆ ਸੀ। ਇਹ ਦੋਸ਼ ਅਤੇ ਸਜ਼ਾ 27 ਸਤੰਬਰ 2021 ਵਿੱਚ ਡਾਊਨਟਾਊਨ ਵੈਨਕੂਵਰ ਵਿੱਚ ਵਾਪਰੀ ਘਟਨਾ ਲਈ ਹੈ, ਜਿਸ ਵਿੱਚ ਸਾਥੀ ਬੱਸ ਡਰਾਈਵਰ ਚਰਨਜੀਤ ਪਰਹਾਰ (64) ਦੀ ਮੌਤ ਹੋ ਗਈ ਸੀ।



ਦਰਅਸਲ 27 ਸਤੰਬਰ 2021 ਨੂੰ ਸਵੇਰੇ 8:15 ਵਜੇ ਕਰੀਬ ਸਿੱਧੂ ਇਕ ਬੱਸ ਸਟਾਪ 'ਤੇ ਦੂਜੀ ਬੱਸ ਦੇ ਠੀਕ ਪਿੱਛੇ ਰੁਕੀ, ਜਿਸ ਦੀਆਂ ਸਾਰੀਆਂ ਲਾਈਟਾਂ ਚੱਲ ਰਹੀਆਂ ਸਨ। ਇਸ ਤੋਂ ਬਾਅਦ ਪਰਹਾਰ ਸਿੱਧੂ ਦੀ ਬੱਸ ਵੱਲ ਗਏ ਅਤੇ ਉਨ੍ਹਾਂ ਨੇ ਉਸ ਨੂੰ ਦੱਸਿਆ ਕਿ ਬੱਸ ਵਿਚ ਕੋਈ ਮਕੈਨੀਕਲ ਸਮੱਸਿਆ ਸੀ। ਫਿਰ ਅਚਾਨਕ ਸਿੱਧੂ ਦੀ ਬੱਸ ਨੇ ਪਰਹਾਰ ਅਤੇ ਉਨ੍ਹਾਂ ਦੀ ਬੱਸ ਨੂੰ ਟੱਕਰ ਮਾਰ ਦਿੱਤੀ। ਹਾਲਾਂਕਿ ਸਿੱਧੂ ਨੇ ਗਵਾਹੀ ਦਿੱਤੀ ਸੀ ਕਿ ਉਸ ਨੂੰ ਯਕੀਨ ਸੀ ਕਿ ਉਸ ਦਾ ਪੈਰ ਬ੍ਰੇਕ ਪੈਡਲ 'ਤੇ ਸੀ। ਪਰ 2 ਬੱਸਾਂ ਵਿਚਕਾਰ ਫਸਣ ਕਾਰਨ ਪਰਹਾਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਅਤੇ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਅਗਲੇ ਦਿਨ ਉਨ੍ਹਾਂ ਦੀ ਮੌਤ ਹੋ ਗਈ।

ਜੱਜ ਨੇ ਨੋਟ ਕੀਤਾ ਕਿ ਸਿੱਧੂ ਇੱਕ ਸਿੰਗਲ ਮਦਰ ਹੈ ਜੋ 2007 ਤੋਂ ਸਕੂਲੀ ਬੱਸਾਂ ਚਲਾ ਰਹੀ ਸੀ। ਉਸ ਨੂੰ ਨਵੰਬਰ 2020 ਵਿੱਚ ਕੋਸਟ ਮਾਉਂਟੇਨ ਵੱਲੋਂ ਕੰਮ 'ਤੇ ਰੱਖਿਆ ਗਿਆ ਸੀ ਅਤੇ ਉਸ ਨੇ ਡੇਢ ਮਹੀਨੇ ਦੀ ਸਿਖਲਾਈ ਵੀ ਲਈ ਸੀ। ਸਿੱਧੂ ਨੇ ਅਦਾਲਤ 'ਚ ਪਰਹਾਰ ਦੇ ਪਰਿਵਾਰ ਤੋਂ ਮੁਆਫੀ ਵੀ ਮੰਗੀ।

# ਅਦਕਾਰਾ ਕੰਗਨਾ ਰਣੌਤ ਨੇ ਅੰਮ੍ਰਿਤਪਾਲ ਨੂੰ ਦਿੱਤੀ ਚੁਣੌਤੀ

ਮੁੰਬਈ:-ਬਾਲੀਬੁੱਡ ਅਦਕਾਰਾ ਕੰਗਨਾ ਰਣੌਤ ਨੇ ਅਮ੍ਰਿਤਪਾਲ ਸਿੰਘ ਨੂੰ ਬਹਿਸ ਦੀ ਚਣੌਤੀ ਦਿੱਤੀ ਹੈ।ਕੰਗਣਾ ਨੇ ਟਵਿੱਟਰ 'ਤੇ ਲਿਖਿਆ, "ਅਮ੍ਰਿਤਪਾਲ ਨੇ ਰਾਸ਼ਟਰ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਹੈ ਕਿ ਜੇਕਰ ਕੋਈ ਉਨ੍ਹਾਂ ਨਾਲ ਬੌਧਿਕ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਹੈ ਤਾਂ ਉਹ ਖਾਲਿਸਤਾਨ ਦੀ ਮੰਗ ਨੂੰ ਜਾਇਜ਼ ਠਹਿਰਾ ਸਕਦਾ ਹੈ। ਮੈਂ ਹੈਰਾਨ ਹਾਂ ਕਿ ਕਿਸੇ ਨੇ ਵੀ ਇਹ ਚੁਣੌਤੀ ਸਵੀਕਾਰ ਨਹੀਂ ਕੀਤੀ, ਇੱਥੋਂ ਤੱਕ ਕਿ ਕਿਸੇ ਸਿਆਸਤਦਾਨ ਨੇ ਵੀ ਨਹੀਂ।"ਉਹਨਾਂ ਕਿਹਾ, "ਜੇਕਰ ਮੈਨੂੰ ਖਾਲਿਸਤਾਨੀਆਂ ਵੱਲੋਂ ਕੁੱਟਿਆ, ਮਾਰਿਆ ਜਾਂ ਗੋਲੀ ਮਾਰ ਕੇ ਨਾ ਮਾਰਿਆ ਜਾਵੇ ਤਾਂ ਮੈਂ ਤਿਆਰ ਹਾਂ।"


FRASERVIEW MEATS
The Name of Guaranteed Quality Meats



Number One Quality Meat in Lower Mainland
We also sell cooked chicken
We take orders for all occassion
Serving You Since 1993
Try our Special Chicken Tikkar



Jagir S. Nagra
604-592-2900
#102-12047-80th Ave. Surrey (Besides Mega Fruticana)
www.fraserviewmeats.com

Rai Express Lines Ltd.




Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President
Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca

Web:www.peacefurniture.ca